**ਜ਼ਰੂਰੀ ਸੂਚਨਾ**

ਮਾਲਵਾ ਬਾਣੀ ਵਿੱਚ ਆਪਣੇ ਸ਼ਹਿਰ ਦੀ ਖਬਰ ਭੇਜਣ ਜਾਂ ਇਸ਼ਤਿਹਾਰ ਦੇਣ ਸੰਬਧੀ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ।

ਮੋ: 78890-72071, 96539-55551

Rni.PUNPUN/2022/85964

# ਮਾਲਵਾ ਬਾਣੀ

E.mail. malwabani2021@gmail.com

ਸਾਲ 4 ▪ ਅੰਕ 256 ▪ 11 ਦਸੰਬਰ 2025 ▪ ਵੀਰਵਾਰ ▪ ਸਫ਼ੇ 8 ▪ ਮੁੱਲ 2 ਰੁਪਏ ▪ ਸ੍ਰੀ ਮੁਕਤਸਰ ਸਾਹਿਬ

**ਪੱਤਰਕਾਰਾਂ ਦੀ ਲੋੜ ਹੈ**

ਸ੍ਰੀ ਮੁਕਤਸਰ ਸਾਹਿਬ ਤੋਂ ਰੋਜ਼ਾਨਾ ਪ੍ਰਕਾਸ਼ਿਤ ਹੁੰਦੇ ਮਾਲਵਾ ਬਾਣੀ ਅਖਬਾਰ ਨੂੰ ਵੱਖ ਵੱਖ ਜਿਲ੍ਹਿਆਂ ਵਿੱਚੋਂ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਬਣਨ ਲਈ ਸੰਪਰਕ ਕਰਨ।

ਮੋ. 78890-72071

## ਮੇਲਾ ਮਾਘੀ- 2026

# ਮੇਲਾ ਮਾਘੀ ਨੂੰ ਲੈ ਕੇ ਸ਼੍ਰੀ ਦਰਬਾਰ ਸਾਹਿਬ ਸ਼੍ਰੀ ਮੁਕਤਸਰ ਸਾਹਿਬ ਵਲੋਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ





**ਸ਼੍ਰੀ ਮੁਕਤਸਰ ਸਾਹਿਬ, 10 ਦਸੰਬਰ (ਰਵੀਨਾ ਅਰੋੜਾ)** ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਸ਼੍ਰੀ ਮੁਕਤਸਰ ਸਾਹਿਬ ਵਿੱਚ ਹਰ ਵਾਰ ਦੀ ਤਰ੍ਹਾਂ ਲੱਗਣ ਵਾਲੇ ਮੇਲਾ ਮਾਘੀ ਨੂੰ ਲੈ ਕੇ ਸ਼੍ਰੀ ਦਰਬਾਰ ਸਾਹਿਬ ਮੁਕਤਸਰ ਵਲੋਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸ਼੍ਰੀ ਦਰਬਾਰ ਸਾਹਿਬ ਸ਼੍ਰੀ ਮੁਕਤਸਰ ਸਾਹਿਬ ਦੇ ਮੈਨੇਜਰ ਨਿਰਮਲਜੀਤ ਸਿੰਘ ਨੇ ਦੱਸਿਆ ਕਿ ਜਨਵਰੀ ਮਹੀਨੇ ਤੋਂ ਮੇਲਾ ਮਾਘੀ ਆਰੰਭ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਮੇਲਾ ਮਾਘੀ ਨੂੰ ਲੈ ਕੇ ਸ਼੍ਰੀ ਦਰਬਾਰ ਸਾਹਿਬ ਸ਼੍ਰੀ ਮੁਕਤਸਰ ਸਾਹਿਬ ਦੇ ਰੰਗ-ਰੋਗਨ ਦਾ ਕੰਮ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਸਾਰੇ ਗੁਰਦੁਆਰਿਆਂ ਵਿੱਚ ਰੰਗ-ਰੋਗਨ ਦਾ ਕੰਮ ਚੱਲ ਰਿਹਾ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਪੂਰਾ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਮੇਲਾ ਮਾਘੀ ਮੌਕੇ ਲੱਖਾਂ ਦੀ ਗਿਣਤੀ ਵਿੱਚ ਸੰਗਤ ਗੁਰਦੁਆਰਾ ਸ਼੍ਰੀ ਟੁੱਟੀ ਗੰਢੀ ਸਾਹਿਬ ਵਿੱਚ ਨਤਮਸਤਕ ਹੁੰਦੀ ਹੈ। ਸੰਗਤਾਂ ਦੇ ਰਹਿਣ ਅਤੇ ਲੰਗਰ ਆਦਿ ਦੇ ਪ੍ਰਬੰਧ ਸ਼੍ਰੀ ਦਰਬਾਰ ਸਾਹਿਬ ਸ਼੍ਰੀ ਮੁਕਤਸਰ ਸਾਹਿਬ ਵਲੋਂ ਕਰ ਲਏ ਗਏ ਹਨ। ਸ਼੍ਰੀ ਦਰਬਾਰ ਸਾਹਿਬ ਵਿੱਚ ਆਉਣ ਵਾਲੇ ਕਿਸੇ ਵੀ ਸ਼ਰਧਾਲੂ ਨੂੰ ਕੋਈ ਵੀ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਗੁਰਦੁਆਰੇ ਦੀ ਸਜਾਵਟ ਦਾ ਕੰਮ ਜਨਵਰੀ ਦੇ ਪਹਿਲੇ ਹਫ਼ਤੇ ਹੀ ਸ਼ੁਰੂ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 12 ਜਨਵਰੀ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਨ੍ਹਾਂ ਦੇ ਭੋਗ 14 ਜਨਵਰੀ ਨੂੰ ਪਾਏ ਜਾਣਗੇ ਅਤੇ 15 ਜਨਵਰੀ ਨੂੰ ਨਗਰ ਕੀਰਤਨ ਉਪਰੰਤ ਮੇਲਾ ਮਾਘੀ ਦੀ ਰਸਮੀ ਤੌਰ ’ਤੇ ਸਮਾਪਤੀ ਹੋ ਜਾਵੇਗੀ।

# ਈਥਾਨੌਲ ਫੈਕਟਰੀ ਦਾ ਮਾਮਲਾ : ਕਿਸਾਨਾਂ ਅਤੇ ਪੁਲਿਸ ਵਿਚਕਾਰ ਝੜਪਾਂ, ਇੰਟਰਨੈੱਟ ਸੇਵਾਵਾਂ ਬੰਦ





**ਸਿਰਸਾ, 10 ਦਸੰਬਰ (ਜਗਤਾਰ ਸਮਾਲਸਰ)** ਸਿਰਸਾ ਜ਼ਿਲ੍ਹੇ ਦੇ ਨਾਲ ਲੱਗਦੇ ਰਾਜਸਥਾਨ ਦੇ ਕਸਬੇ ਟਿੱਬੀ ਖੇਤਰ ਦੇ ਰਾਠੀਖੇੜਾ ਪਿੰਡ ਵਿੱਚ ਨਿਰਮਾਣ ਅਧੀਨ ਈਥਾਨੌਲ ਫੈਕਟਰੀ ਦਾ ਵਿਰੋਧ ਕਰ ਰਹੇ ਕਿਸਾਨਾਂ ਅਤੇ ਪ੍ਰਸ਼ਾਸਨ ਵਿੱਚ ਤਿੱਖੀਆਂ ਝੜਪਾਂ ਹੋਈਆਂ ਜਿਸ ਕਾਰਨ ਪ੍ਰਸ਼ਾਸਨ ਨੇ ਟਿੱਬੀ ਸ਼ਹਿਰ ਅਤੇ ਆਲੇ ਦੁਆਲੇ ਦੇ ਪਿੰਡਾਂ ਵਿੱਚ ਇੰਟਰਨੈੱਟ ਬੰਦ ਕਰ ਦਿੱਤਾ ਅਤੇ ਸਕੂਲ ਅਤੇ ਦੁਕਾਨਾਂ ਵੀ ਬੰਦ ਕਰਵਾ ਦਿੱਤੀਆ। ਕਿਸਾਨਾਂ ਨੇ ਨਿਰਮਾਣ ਅਧੀਨ ਈਥਾਨੌਲ ਫੈਕਟਰੀ ਦੀ ਕੰਧ ਤੋੜਨ ਲਈ ਟਰੈਕਟਰਾਂ ਦੀ ਵਰਤੋਂ ਕੀਤੀ। ਜਿਸਤੋਂ ਬਾਅਦ ਪੁਲਿਸ ਨੇ ਲਾਠੀਚਾਰਜ ਕੀਤਾ। ਜ਼ਿਕਰਯੋਗ ਹੈ ਕਿ ਟਿੱਬੀ ਤੋਂ ਕੁਝ ਕਿਲੋਮੀਟਰ ਦੂਰ ਰਾਠੀਖੇੜਾ ਦੇ ਨੇੜੇ ਚੱਕ 4 ਆਰਕੇ ਵਿੱਚ ਲਗਭਗ 450 ਕਰੋੜ ਦੀ ਲਾਗਤ ਨਾਲ ਏਸ਼ੀਆ ਦੀ ਸਭ ਤੋਂ ਵੱਡੀ ਈਥਾਨੌਲ ਫੈਕਟਰੀ ਬਣਾਈ ਜਾ ਰਹੀ ਹੈ। ਲੋਕ ਪਿਛਲੇ ਕੁਝ ਸਮੇਂ ਤੋਂ ਇਸਦਾ ਵਿਰੋਧ ਕਰ ਰਹੇ ਹਨ। ਇਸ ਪੂਰੇ ਮੁੱਦੇ ਨੂੰ ਦੇਖਦੇ ਹੋਏ 18 ਨਵੰਬਰ ਤੋਂ ਟਿੱਬੀ ਖੇਤਰ ਵਿੱਚ ਧਾਰਾ 163 ਲਾਗੂ ਕਰ ਦਿੱਤੀ ਗਈ ਸੀ। ਪੁਲਿਸ ਸੁਪਰਡੈਂਟ ਹਰੀਸ਼ੰਕਰ ਨੇ ਟਿੱਬੀ ਵਿੱਚ ਅੱਧੀ ਦਰਜਨ ਥਾਣਿਆਂ ਦੇ ਨਾਲ-ਨਾਲ ਲਗਭਗ 500 ਪੁਲਿਸ ਕਰਮਚਾਰੀ ਤਾਇਨਾਤ ਕੀਤੇ ਸਨ। ਪਿੰਡ ਰਾਠੀਖੇੜਾ ਵਿਖੇ ਲਗਾਈ ਜਾ ਰਹੀ ਈਥਾਨੌਲ ਫੈਕਟਰੀ ਦਾ ਵਿਰੋਧ ਕਰਨ ਲਈ ਕਿਸਾਨਾਂ ਨੇ ਅੱਜ ਇੱਥੇ ਮਹਾਂ ਪੰਚਾਇਤ ਬੁਲਾਈ ਹੋਈ ਸੀ, ਜਿਸ ਵਿੱਚ ਹਜ਼ਾਰਾ ਦੀ ਗਿਣਤੀ ਵਿੱਚ ਕਿਸਾਨਾਂ ਅਤੇ ਔਰਤਾਂ ਨੇ ਸ਼ਮੂਲੀਅਤ ਕੀਤੀ। ਕਿਸਾਨਾਂ ਨੇ ਫੈਕਟਰੀ ਦਾ ਵਿਰੋਧ ਕਰਨ ਲਈ ਪਹਿਲਾ ਐਸਡੀਐਮ ਦਫਤਰ ਦੇ ਸਾਹਮਣੇ ਇੱਕ ਮੀਟਿੰਗ ਕੀਤੀ ਅਤੇ ਉਸਤੋਂ ਬਾਅਦ ਸ਼ਾਮ 4 ਵਜੇ ਕਿਸਾਨਾਂ ਨੇ ਫੈਕਟਰੀ ਦੀ ਕੰਧ ਤੋੜਨ ਲਈ ਮਾਰਚ ਕੀਤਾ। ਜਿਸ ਨਾਲ ਹਫੜਾ-ਦਫੜੀ ਮਚ ਗਈ। ਲੋਕ ਮੁੱਖ ਸੜਕ ਤੇ ਫੈਕਟਰੀ ਵੱਲ ਜਾਣ ਲੱਗੇ ਤਾਂ ਪ੍ਰਸ਼ਾਸਨ ਅਤੇ ਲੋਕਾਂ ਵਿਚਕਾਰ ਤਿੱਖੀਆ ਝੜਪਾਂ ਹੋ ਗਈਆ। ਕਾਂਗਰਸ ਅਤੇ ਸੀਪੀਆਈ (ਐਮ) ਸਮੇਤ ਕਈ ਵਿਰੋਧੀ ਪਾਰਟੀਆਂ ਨੇ ਵਿਰੋਧ ਪ੍ਰਦਰਸ਼ਨ ਲਈ ਆਪਣਾ ਸਮਰਥਨ ਦਿੱਤਾ। ਮੀਟਿੰਗ ਵਿੱਚ ਸ਼੍ਰੀਗੰਗਾਨਗਰ ਦੇ ਸੰਸਦ ਮੈਂਬਰ ਕੁਲਦੀਪ ਇੰਦੌਰਾ, ਸੰਗਰੀਆ ਦੇ ਵਿਧਾਇਕ ਅਭਿਮਨਿਊ ਪੂਨੀਆ, ਭਾਦਰਾ ਦੇ ਸਾਬਕਾ ਵਿਧਾਇਕ ਬਲਵਾਨ ਪੂਨੀਆ, ਸੀਪੀਆਈ (ਐਮ) ਦੇ ਨੇਤਾ ਮੰਗੇਜ ਚੌਧਰੀ ਅਤੇ ਹਰਿਆਣਾ ਅਤੇ ਪੰਜਾਬ ਦੇ ਕਿਸਾਨ ਸੰਗਠਨਾਂ ਦੇ ਕਈ ਨੇਤਾ ਸ਼ਾਮਲ ਹੋਏ। ਕਿਸਾਨ ਨੇਤਾਵਾਂ ਨੇ ਕਿਹਾ ਕਿ ਜਨਤਾ ਦੀਆਂ ਭਾਵਨਾਵਾਂ ਨੂੰ ਸਮਝਣ ਲਈ ਚੁਣੀ ਗਈ ਸਰਕਾਰ ਉਨ੍ਹਾਂ ਦੀ ਗੱਲ ਨਹੀਂ ਸੁਣ ਰਹੀ। ਉਨ੍ਹਾਂ ਕਿਹਾ ਕਿ ਫੈਕਟਰੀ ਦੇ ਨਿਰਮਾਣ ਨਾਲ ਇਲਾਕੇ ਵਿੱਚ ਪ੍ਰਦੂਸ਼ਣ ਵਧੇਗਾ ਜਦੋਂਕਿ ਇੰਦਰਾ ਗਾਂਧੀ ਨਹਿਰ ਪ੍ਰੋਜੈਕਟ ਨਾਲ ਪ੍ਰਦੂਸ਼ਿਤ ਪਾਣੀ ਪਹਿਲਾਂ ਹੀ ਇੱਕ ਵੱਡੀ ਸਮੱਸਿਆ ਹੈ। ਕਿਸਾਨ ਲੰਬੇ ਸਮੇਂ ਤੋਂ ਇਸ ਜਗ੍ਹਾ ’ਤੇ ਧਰਨਾ ਦੇ ਰਹੇ ਸਨ ਪਰ ਹਾਲ ਹੀ ਵਿੱਚ ਉਨ੍ਹਾਂ ਨੂੰ ਵਿਰੋਧ ਸਥਾਨ ਤੋਂ ਹਟਾ ਦਿੱਤਾ ਗਿਆ ਸੀ। ਇਸ ਤੋਂ ਬਾਅਦ ਫੈਕਟਰੀ ਦੀ ਚਾਰਦੀਵਾਰੀ ਦਾ ਨਿਰਮਾਣ ਪੂਰਾ ਹੋ ਗਿਆ। ਪ੍ਰਸ਼ਾਸਨ ਵੱਲੋਂ ਉਸਾਰੀ ਜਾਰੀ ਰੱਖਣ ਨੂੰ ਯਕੀਨੀ ਬਣਾਉਣ ਲਈ ਸੀਮਾ ਸੁਰੱਖਿਆ ਬਲ ਦੀਆਂ ਦੋ ਬਟਾਲੀਅਨਾਂ ਨੂੰ ਲਗਾਤਾਰ ਇੱਥੇ ਤਾਇਨਾਤ ਕੀਤਾ ਗਿਆ ਹੈ।

# ਨਾਬਾਲਿਗ ਕੁੜੀ ਨੂੰ ਬਣਾਇਆ ਹਵਸ ਦਾ ਸ਼ਿਕਾਰ ਜਾਨੋ ਮਾਰਨ ਦੀਆਂ ਦਿੱਤੀਆਂ ਧਮਕੀਆਂ, ਦੋਸ਼ੀ ਵਿਰੁੱਧ ਮਾਮਲਾ ਦਰਜ

**ਮਲੋਟ 10 ਦਸੰਬਰ (ਹਰਦੀਪ ਸਿੰਘ ਖਾਲਸਾ)** ਲੰਬੀ ਇਲਾਕੇ ਤੋਂ ਇਕ ਸਮਾਜ ਨੂੰ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ 15 ਸਾਲਾ ਨਾਬਾਲਿਗ ਕੁੜੀ ਆਪਣੇ ਹੀ ਗੁਆਢ ਵਿੱਚ ਰਹਿਣ ਵਾਲੇ ਨੌਜਵਾਨ ਦੀ ਹਵਸ ਦੀ ਸ਼ਿਕਾਰ ਬਣ ਗਈ। ਘਰ-ਪਰਿਵਾਰ ਦੀ ਆਰਥਿਕ ਮਜ਼ਬੂਰੀ ਕਾਰਨ, ਕੁੜੀ ਦੀ ਮਾਤਾ ਮਿਹਨਤ-ਮਜ਼ਦੂਰੀ ਵਿੱਚ ਰੋਜ਼ੀ-ਰੋਟੀ ਕਮਾਉਣ ਲਈ ਘਰ ਤੋਂ ਦੂਰ ਰਹਿੰਦੀ ਸੀ। ਇਸਦਾ ਫਾਇਦਾ ਚੁੱਕਦਿਆਂ ਗੁਆਢੀ ਸੁਖਵੀਰ ਰਾਮ ਉਰਫ਼ ਬੰਟੀ (ਪੁੱਤਰ ਰਾਮ ਸਰੂਪ) ਨੇ ਕੁੜੀ ਨਾਲ ਪਹਿਲਾਂ ਗੱਲਬਾਤ ਬਣਾਈ ਅਤੇ ਫਿਰ ਹੌਲੀ-ਹੌਲੀ ਉਸਦੇ ਵਿਸ਼ਵਾਸ ਨੂੰ ਕਬਜ਼ੇ ਵਿੱਚ ਕਰ ਲਿਆ। ਆਪਣੇ ਬਿਆਨਾਂ ਵਿੱਚ ਦੱਸਿਆ ਕਿ ਅਪ੍ਰੈਲ-2025 ਦੇ ਸ਼ੁਰੂ ਵਿੱਚ ਸੁਖਵੀਰ ਰਾਮ ਨਾਲ ਉਸਦੀ ਗੱਲਬਾਤ ਸ਼ੁਰੂ ਹੋਈ ਸੀ। ਇਹ ਗੱਲਬਾਤ ਹੌਲੀ-ਹੌਲੀ ਨਜ਼ਦੀਕੀ ਵਿੱਚ ਬਦਲੀ, ਪਰ ਕੁੜੀ ਨੂੰ ਪਤਾ ਨਹੀਂ ਸੀ ਕਿ ਸੁਖਵੀਰ ਦੀ ਨੀਅਤ ਕੁਝ ਹੋਰ ਹੀ ਹੈ। ਕੁੜੀ ਨੇ ਦੱਸਿਆ ਕਿ ਉਸਦੀ ਮਾਂ ਘਰ ਤੋਂ ਬਾਹਰ ਦਿਹਾੜੀ ਕਰਨ ਜਾਂਦੀ ਸੀ, ਤਦੋਂ ਸੁਖਵੀਰ ਰਾਮ ਉਹਨਾਂ ਦੇ ਘਰ ਆ ਦਾਖਲ ਹੁੰਦਾ ਸੀ। ਵਿਆਹ ਕਰਨ ਦਾ ਝਾਂਸਾ ਦੇ ਕੇ ਉਸਨੇ ਨਾਬਾਲਿਗ ਕੁੜੀ ਨਾਲ ਕਈ ਵਾਰ ਜਬਰਦਸਤੀ ਸਰੀਰਕ ਸੰਬੰਧ ਬਣਾਏ। ਬਿਆਨਾਂ ਮੁਤਾਬਕ, ਕੁਝ ਸਮੇਂ ਬਾਅਦ ਕੁੜੀ ਨੂੰ ਸ਼ੱਕ ਹੋਇਆ ਕਿ ਉਹ ਗਰਭਵਤੀ ਹੋ ਸਕਦੀ ਹੈ। ਜਦੋਂ ਉਸਨੇ ਇਹ ਗੱਲ ਸੁਖਵੀਰ ਰਾਮ ਨੂੰ ਦੱਸੀ ਅਤੇ ਉਸਨੂੰ ਵਿਆਹ ਕਰਨ ਲਈ ਕਿਹਾ ਤਾਂ ਸੁਖਵੀਰ ਨੇ ਵਿਆਹ ਤੋਂ ਸਾਫ਼ ਇਨਕਾਰ ਕਰ ਦਿੱਤਾ। ਇਸ ਤੋਂ ਵੀ ਵੱਧ, ਉਸ ਨੇ ਨਾਬਾਲਿਗ ਨੂੰ ਧਮਕੀ ਦਿੱਤੀ ਕਿ ਜੇਕਰ ਤੁਸੀਂ ਇਹ ਸਭ ਕਿਸੇ ਨੂੰ ਦੱਸਿਆ ਤਾਂ ਮੈਂ ਤੁਹਾਨੂੰ ਜਾਨੋਂ ਮਾਰ ਦੇਵਾਂਗਾ। ਡਰੀ ਸਹਿਮੀ ਕੁੜੀ ਨੇ ਇਹ ਸਾਰੀ ਘਟਨਾ ਚੁੱਪਚਾਪ ਆਪਣੇ ਦਿਲ ਵਿੱਚ ਦਬਾ ਲਈ। ਧਮਕੀ ਦੇ ਡਰ ਅਤੇ ਇੱਜ਼ਤ ਦੀ ਚਿੰਤਾ ਨੇ ਉਸਨੂੰ ਕਿਸੇ ਨਾਲ ਵੀ ਗੱਲ ਸਾਂਝੀ ਕਰਨ ਤੋਂ ਰੋਕਿਆ ਰੱਖਿਆ। ਕੁਝ ਦਿਨਾਂ ਤੋਂ ਨਾਬਾਲਿਗ ਕੁੜੀ ਦੇ ਪੇਟ ਵਿੱਚ ਤੇਜ਼ ਦਰਦ ਰਹਿਣ ਲੱਗ ਗਿਆ ਸੀ। ਜਦੋਂ ਦਰਦ ਅਸਹਿਣਯ ਹੋ ਗਿਆ ਤਾਂ ਹਿੰਮਤ ਕਰਕੇ ਉਸਨੇ ਕੱਲ੍ਹ ਆਪਣੀ ਮਾਂ ਨੂੰ ਸਾਰੀ ਸੱਚਾਈ ਦੱਸ ਦਿੱਤੀ। ਮਾਂ ਨੇ ਦੁੱਖ ਅਤੇ ਗੁੱਸੇ ਨਾਲ ਭਰੇ ਹੋਏ ਮਨ ਨਾਲ ਤੁਰੰਤ ਆਪਣੀ ਧੀ ਨੂੰ ਸਿਵਲ ਹਸਪਤਾਲ ਲੰਬੀ ਵਿੱਚ ਦਾਖਲ ਕਰਵਾਇਆ। ਮੈਡੀਕਲ ਟੀਮ ਵੱਲੋਂ ਕੁੜੀ ਦਾ ਇਲਾਜ ਕੀਤਾ ਜਾ ਰਿਹਾ ਹੈ ਅਤੇ ਜ਼ਰੂਰੀ ਜਾਂਚਾਂ ਵੀ ਕੀਤੀਆਂ ਜਾ ਰਹੀਆਂ ਹਨ। ਪੁਲਿਸ ਨੇ ਦਰਜ ਕੀਤਾ ਮੁਕੱਦਮਾ, ਜਾਂਚ ਸ਼ੁਰੂ ਨਾਬਾਲਿਗ ਕੁੜੀ ਦੇ ਬਿਆਨਾਂ ਅਤੇ ਮੈਡੀਕਲ ਟੀਮ ਦੀ ਰਿਪੋਰਟ ਦੇ ਅਧਾਰ ‘ਤੇ ਪੁਲਿਸ ਨੇ ਸੁਖਵੀਰ ਰਾਮ ਉਰਫ਼ ਬੰਟੀ ਦੇ ਖਿਲਾਫ ਵੱਖ ਵੱਖ ਧਾਰਾਵਾਂ ਅਧੀਨ ਗੰਭੀਰ ਮੁਕੱਦਮਾ ਦਰਜ ਕਰ ਲਿਆ ਹੈ। ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ 12 ਹਜ਼ਾਰ ਫਾਈਲਾਂ ਮੰਜੂਰ ਕਰਵਾਈਆਂ - ਵਿਧਾਇਕ ਡਿੰਪੀ ਢਿੱਲੋਂ

## ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਯੋਜਨਾ ਸੰਬੰਧੀ 6 ਹਜਾਰ ਫਾਈਲਾਂ ਕੱਟਣ ਦੇ ਲਗਾਏ ਸਨ ਆਪ ਵਿਧਾਇਕ ਤੇ ਦੋਸ਼



**ਗਿੱਦੜਬਾਹਾ, 10 ਦਸੰਬਰ (ਕੁਲਭੂਸ਼ਨ ਗਰਗ)** - ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਬੀਤੇ ਦਿਨੀਂ ਹਲਕਾ ਗਿੱਦੜਬਾਹਾ ਦੇ ਵੱਖ ਵੱਖ ਪਿੰਡਾਂ ਵਿਚ ਚੋਣ ਪ੍ਰਚਾਰ ਦੌਰਾਨ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਗਰੀਬਾਂ ਲਈ ਆਏ 6 ਹਜ਼ਾਰ ਕਮਰੇ ਮੌਜੂਦਾ ਹਲਕਾ ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਵੱਲੋਂ ਕਟਵਾਏ ਜਾਣ ਸੰਬੰਧੀ ਦਿੱਤੇ ਬਿਆਨ ਤੋਂ ਬਾਅਦ ਅੱਜ ਪਿੰਡ ਭਾਰੂ ਵਿਖੇ ਵਿਧਾਇਕ ਡਿੰਪੀ ਢਿੱਲੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਰਾਜਾ ਵੜਿੰਗ ਇਹ ਸ਼ਰੇਆਮ ਮੇਰੇ ਤੇ ਇਲਜਾਮ ਲਗਾ ਰਹੇ ਹਨ ਕਿ ਮੈਂ ਗਰੀਬਾਂ ਦੇ 6 ਹਜ਼ਾਰ ਕਮਰੇ ਸੰਬੰਧਤ ਲਿਸਟ ਵਿਚੋਂ ਕੱਟਵਾ ਦਿੱਤੇ ਹਨ, ਜਦੋਂਕਿ ਅਸਲੀਅਤ ਵਿਚ ਮੇਰੇ ਵੱਲੋਂ ਹੁਣ ਤੱਕ ਉਕਤ ਯੋਜਨਾ ਤਹਿਤ ਕਰੀਬ 12 ਹਜ਼ਾਰ ਜਰੂਰਤਮੰਦ ਵਿਅਕਤੀਆਂ ਨੂੰ ਕਮਰੇ ਮੰਜੂਰ ਕਰਵਾ ਕੇ ਦਿੱਤੇ ਹਨ। ਉਨ੍ਹਾਂ ਕਿਹਾ ਕਿ ਇਹ ਕੇਂਦਰ ਸਰਕਾਰ ਦੀ ਯੋਜਨਾ ਹੈ ਅਤੇ ਲਿਸਟ ਜਾਣ ਤੋਂ ਬਾਅਦ ਸਾਰਾ ਰਿਕਾਰਡ ਆਨ ਲਾਇਨ ਹੁੰਦਾ ਹੈ ਅਤੇ ਇਸ ਤੋਂ ਉਪਰੰਤ ਸੰਬੰਧਤ ਵਿਭਾਗ ਦੇ ਅਫ਼ਸਰਾਂ ਵੱਲੋਂ ਇਸ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਜੇਕਰ ਜਾਂਚ ਦੌਰਾਨ ਕਿਸੇ ਵੀ ਵਿਅਕਤੀ ਵੱਲੋਂ ਪੇਸ਼ ਕੀਤੇ ਤੱਥ ਸਹੀ ਨਹੀਂ ਹੁੰਦੇ ਅਤੇ ਗਲਤ ਸਾਬਿਤ ਹੁੰਦੇ ਹਨ ਤਾਂ ਉਸਦਾ ਨਾਮ ਲਿਸਟ ਵਿਚੋਂ ਕੱਟਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮੇਰੇ ਵੱਲੋਂ ਮੰਜੂਰ ਕਰਵਾਏ ਇੰਨਾਂ ਕਰੀਬ 12 ਹਜ਼ਾਰ ਕਮਰਿਆਂ ਬਾਰੇ ਆਨ ਲਾਇਨ ਕਿਸੇ ਵੀ ਸਮੇਂ ਕੋਈ ਵੀ ਜਾਂਚ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਜਿਹੜੇ 12 ਹਜ਼ਾਰ ਫਾਇਲਾਂ ਉਨ੍ਹਾਂ ਵੱਲੋਂ ਮੰਜੂਰ ਕਰਵਾਈਆਂ ਗਈਆਂ ਹਨ ਉਨ੍ਹਾਂ ਦਾ ਫਾਇਦਾ ਲੋੜਵੰਦਾਂ ਨੂੰ ਨਾ ਮਿਲ ਸਕੇ ਇਸ ਲਈ ਰਾਜਾ ਵੜਿੰਗ ਨੇ ਆਪਣੇ ਇਕ ਹਿਮਾਇਤੀ ਵਰਕਰ ਰਾਜੂ ਸਿੰਘ ਪੁੱਤਰ ਤੇਜ਼ਾ ਸਿੰਘ ਵਾਸੀ ਚੱਕ ਗਿਲਜੇਵਾਲਾ ਪਾਸੋਂ ਮਾਨਯੋਗ ਹਾਈ ਕੋਰਟ ਵਿਚ ਇਕ ਪਟੀਸ਼ਨ ਦਾਇਰ ਕਰਵਾਈ ਹੈ, ਜਦੋਂਕਿ ਉਕਤ ਰਾਜੂ ਸਿੰਘ ਦਾ ਉਕਤ ਯੋਜਨਾ ਸੰਬੰਧੀ ਮਿਲਣ ਵਾਲੇ ਕਮਰਿਆ ਦੀ ਲਿਸਟ ਵਿਚ ਪਹਿਲਾਂ ਤੋਂ ਨਾਮ ਦਰਜ ਹੈ। ਇਸ ਮੌਕੇ ਵਿਧਾਇਕ ਡਿੰਪੀ ਢਿੱਲੋਂ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਡਾ. ਨਵਜੀਤ ਕੌਰ ਸਿੱਧੂ ਵੱਲੋਂ ਬੀਤੇ ਦਿਨੀਂ ਪੰਜਾਬ ਦੇ ਸੀਨੀਅਰ ਕਾਂਗਰਸੀ ਆਗੂਆਂ ਤੇ ਟਿਕਟਾ ਵੇਚਣ ਦੇ ਦੋਸ਼ਾਂ ਬਾਰੇ ਕਿਹਾ ਕਿ ਇਸ ਮਾਮਲੇ ਦੀ ਜਾਂਚ ਹੋਣੀ ਚਾਹੀਦੀ ਹੈ, ਨਾਲ ਹੀ ਉਨ੍ਹਾਂ ਕਿਹਾ ਕਿ ਸਾਲ 2021 ਵਿਚ ਜਦੋਂ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਉਤਾਰਿਆ ਗਿਆ ਸੀ, ਤਾਂ ਉਸ ਸਮੇਂ ਨਵਜੋਤ ਸਿੰਘ ਸਿੱਧੂ ਦਾ ਮੁੱਖ ਮੰਤਰੀ ਬਣਨਾ ਲਗਭਗ ਤੈਅ ਸੀ ਪਰੰਤੂ ਉਸ ਸਮੇਂ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਗਿਆ, ਜਿਸਦੀ ਵਜ੍ਹਾ ਡਾ. ਨਵਜੀਤ ਕੌਰ ਸਿੱਧੂ ਦੇ ਬਿਆਨਾ ਤੋਂ ਪਤਾ ਲੱਗਦੀ ਹੈ, ਜਿਸ ਵਿਚ ਉਨ੍ਹਾਂ ਇਹ ਦਾਅਵਾ ਕੀਤਾ ਹੈ ਕਿ ਉਨ੍ਹਾਂ ਪਾਸ ਮੁੱਖ ਮੰਤਰੀ ਦੇ ਅਹੁਦੇ ਲਈ ਕਥਿਤ ਤੌਰ ਤੇ ਲੋੜੀਦੇ 500 ਕਰੋੜ ਰੁਪਏ ਨਹੀਂ ਸਨ।

# ਜਿਲਾ ਸ਼੍ਰੀ ਮੁਕਤਸਰ ਸਾਹਿਬ ਦੀਆਂ ਦੋ ਖਿਡਾਰਨਾਂ ਹਰਮਨਦੀਪ ਕੌਰ (ਸਮਾਘ) ਅਤੇ ਹਰਮਨਦੀਪ ਕੌਰ (ਘੱਗਾ) ਦੀ ਪੰਜਾਬ ਟੀਮ ਲਈ ਹੋਈ ਚੋਣ





**ਸ਼੍ਰੀ ਮੁਕਤਸਰ ਸਾਹਿਬ 10 ਦਸੰਬਰ (ਮਾਲਵਾ ਬਾਣੀ)** ਬੀਸੀਸੀਆਈ ਵੱਲੋਂ ਕਰਵਾਈ ਜਾਣ ਵਾਲੀ ਨੈਸ਼ਨਲ ਪੱਧਰੀ ਅੰਡਰ -19 ਲੜਕੀਆਂ ਦੀ ਕ੍ਰਿਕਟ ਟੀਮ ਲਈ ਪੰਜਾਬ ਕ੍ਰਿਕਟ ਐਸੋਸੀਏਸ਼ਨ ਮੋਹਾਲੀ ਵੱਲੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀਆਂ ਦੋ ਖਿਡਾਰਨਾਂ ਹਰਮਨਦੀਪ ਕੌਰ (ਸਮਾਘ) ਅਤੇ ਹਰਮਨਦੀਪ ਕੌਰ (ਘੱਗਾ) ਦੀ ਚੋਣ ਕੀਤੀ ਗਈ ਹੈ ਇਹ ਖਿਡਾਰਨਾ ਸੈਸ਼ਨ 2025-26 ਲਈ ਜੋ ਅੰਤਰ ਰਾਜੀ ਟੂਰਨਾਮੈਂਟ 13 ਦਸੰਬਰ 2025 ਤੋਂ ਸ਼ੁਰੂ ਹੋ ਰਹੇ ਹਨ,ਉਹਨਾਂ ਵਿੱਚ ਹੈਦਰਾਬਾਦ ਵਿਖੇ ਭਾਗ ਲੈਣਗੀਆਂ। ਐਸੋਸੀਏਸ਼ਨ ਦੇ ਪ੍ਰੈਸ ਸਕਤਰ ਸ੍ਰੀ ਵਿਜੇ ਕੁਮਾਰ ਜੀ ਨੇ ਦੱਸਿਆ ਕਿ ਇਹਨਾਂ ਲੜਕੀਆਂ ਦੇ ਪੀਸੀਏ ਅੰਤਰ ਜ਼ਿਲਾ ਅੰਡਰ -19 ਕ੍ਰਿਕਟ ਟੂਰਨਾਮੈਂਟ ਅਤੇ ਪੀਸੀਏ ਵੱਲੋਂ ਲਗਾਏ ਜਾਂਦੇ ਰਿਹਾਇਸ਼ੀ ਸਿਖਲਾਈ ਕੈਂਪਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਤੇ ਚੋਣ ਹੋਈ ਹੈ। ਐਸੋਸੀਏਸ਼ਨ ਦੇ ਪ੍ਰਧਾਨ ਡਾਕਟਰ ਵਿਕਰਮਜੀਤ ਜੀ , ਜਨਰਲ ਸਕੱਤਰ ,ਸਮੂਹ ਮੈਂਬਰ ਸਾਹਿਬਾਨ, ਕਨਵੀਨਰ ਅਤੇ ਕੋਚ ਸਾਹਿਬਾਨਾਂ ਨੇ ਇੰਨਾ ਖਿਡਾਰਨਾਂ ਦੀ ਚੋਣ ਨੂੰ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੀਆਂ ਲੜਕੀਆਂ ਦੀ ਖੇਡ ਨੂੰ ਵੱਡਾ ਹਲਾਰਾ ਮੰਨਿਆ ਹੈ ਇਹ ਜ਼ਿਲ੍ਹੇ ਦੀਆਂ ਬਾਕੀ ਕ੍ਰਿਕਟ ਖਿਡਾਰਨਾਂ ਲਈ ਵੀ ਲਈ ਵੀ ਇੱਕ ਰੋਲ ਮਾਡਲ ਬਣਨਗੀਆਂ। ਸਾਰਿਆਂ ਨੇ ਉਹਨਾਂ ਨੂੰ ਇਸ ਚੋਣ ਤੇ ਵਧਾਈ ਦਿੱਤੀ ਹੈ ਤੇ ਆਉਣ ਵਾਲੇ ਇਹਨਾਂ ਅੰਤਰ ਰਾਜੀ ਮੈਚਾਂ ਵਿੱਚ ਵਧੀਆ ਪ੍ਰਦਰਸ਼ਨ ਲਈ ਸ਼ੁਭ ਇੱਛਾਵਾਂ ਦਿੱਤੀਆਂ ਹਨ।

# ਹੁਣ ਮੇਰੀ ਨੂੰਹ ਬੱਚੇ ਦੀ ਮਾਂ ਨਹੀਂ ਬਣ ਸਕੇਗੀ ਮੇਰੇ ਪਰਿਵਾਰ ਦੇ ਸੁਪਨਿਆਂ ਨੂੰ ਚਕਨਾਚੂਰ ਕਰਨ ਵਾਲੇ ਹਸਪਤਾਲ ਤੇ ਸਖ਼ਤ ਕਾਰਵਾਈ ਦੀ ਮੰਗ ਕਰ ਇਨਸਾਫ ਮੰਗਿਆ

## ਸ਼ਾਮ ਲਾਲ ਪਾਰਿਕ ਨੇ ਨਿੱਜੀ ਹਸਪਤਾਲ ਤੇ ਲਾਏ ਗੰਭੀਰ ਦੋਸ਼, ਡਾਕਟਰ ਨੇ ਇਲਜ਼ਾਮਾਂ ਨੂੰ ਕੀਤਾ ਖਾਰਜ਼



**ਮਲੋਟ 10 ਦਸੰਬਰ (ਹਰਦੀਪ ਸਿੰਘ ਖਾਲਸਾ)** “ਡਾਕਟਰ ਦੀ ਲਾਪਰਵਾਹੀ ਦੇ ਚਲਦਿਆਂ ਹੁਣ ਮੇਰੀ ਨੂੰਹ ਬੱਚੇ ਦੀ ਮਾਂ ਨਹੀਂ ਬਣ ਸਕੇਗੀ ਮੇਰੇ ਪਰਿਵਾਰ ਦੇ ਸੁਪਨਿਆਂ ਨੂੰ ਚਕਨਾਚੂਰ ਕਰਨ ਵਾਲੇ ਹਸਪਤਾਲ ਤੇ ਪ੍ਰਸ਼ਾਸਨ ਤੇ ਸਰਕਾਰ ਨੂੰ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ” ਪ੍ਰੈਸ ਕਾਨਫਰੰਸ ਦੌਰਾਨ ਪੰਚਾਇਤੀ ਵਿਭਾਗ ਵਿਚ ਪੰਚਾਇਤ ਸਕੱਤਰ ਵਜੋਂ ਤਾਇਨਾਤ ਸ਼ਾਮ ਲਾਲ ਪਾਰਿਕ ਨੇ ਅੱਖਾਂ ਵਿਚ ਹੰਝੂ ਭਰਦਿਆਂ ਭਰੇ ਹੋਏ ਗਲੇ ਨਾਲ ਮਲੋਟ ਦੇ ਇੱਕ ਨਿੱਜੀ ਹਸਪਤਾਲ ਦੀ ਇੱਕ ਮਹਿਲਾ ਡਾਕਟਰ ਤੇ ਗੰਭੀਰ ਦੋਸ਼ ਲਗਾਉਂਦੇ ਹੋਏ ਇਨਸਾਫ ਦੀ ਮੰਗ ਕੀਤੀ ਹੈ। ਇਲਾਕੇ ਦੀ ਧਾਰਮਿਕ ਸ਼ਖਸੀਅਤ ਮਰਹੂਮ ਪੰਡਿਤ ਗਿਰਧਾਰੀ ਲਾਲ ਜੀ ਦੇ ਬੇਟੇ ਸ਼ਾਮ ਲਾਲ ਪਾਰਿਕ ਦੇ ਨਾਲ ਸ਼ਹਿਰ ਦੀਆਂ ਪ੍ਰਮੁੱਖ ਸਿਆਸੀ, ਸਮਾਜਸੇਵੀ ਅਤੇ ਧਾਰਮਿਕ ਸ਼ਖਸੀਅਤਾਂ ਨੇ ਵੀ ਪ੍ਰੈਸ ਕਾਨਫਰੰਸ ਵਿਚ ਕਥਿਤ ਲਾਪਰਵਾਹੀ ਵਰਤਣ ਵਾਲੇ ਨਿੱਜੀ ਹਸਪਤਾਲ ਅਤੇ ਗਾਇਨੀ ਡਾਕਟਰ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ। ਹਾਲਾਂਕਿ ਹਸਪਤਾਲ ਦੇ ਪ੍ਰਬੰਧਕਾਂ ਅਤੇ ਡਾਕਟਰ ਨੇ ਉਕਤ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ। ਮਲੋਟ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਜਾਣਕਾਰੀ ਸਾਂਝੀ ਕਰਦਿਆਂ ਸ਼ਾਮ ਲਾਲ ਪਾਰੀਕ ਨੇ ਦੱਸਿਆ ਕਿ ਉਨ੍ਹਾਂ ਦੇ ਪੁੱਤਰ ਤੁਸ਼ਾਂਤ ਪਾਰੀਕ ਦੀ ਪਤਨੀ ਪ੍ਰਿਆ ਪਾਰੀਕ ਜਦੋਂ ਦੀ ਗਰਭਵਤੀ ਸੀ ਉਸ ਵਕਤ ਤੋਂ ਹੀ ਡਾਕਟਰ ਪੂਜਾ ਕਾਮਰਾ ਸਾਰਾ ਇਲਾਜ ਕਰ ਰਹੀ ਸੀ। ਉਨ੍ਹਾਂ ਦੀ ਨੂੰਹ ਪ੍ਰਿਆ ਪਾਰੀਕ ਨੇ 28 ਅਕਤੂਬਰ 2025 ਨੂੰ ਇੱਕ ਧੀ ਨੂੰ ਜਨਮ ਦਿੱਤਾ। ਇਹ ਆਪ੍ਰੇਸ਼ਨ ਇੱਕ ਨਿੱਜੀ ਹਸਪਤਾਲ ਦੀ ਡਾਕਟਰ ਦੁਆਰਾ ਕੀਤਾ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ 29 ਅਕਤੂਬਰ 2025 ਨੂੰ ਪ੍ਰਿਆ ਨੇ ਡਾਕਟਰ ਨੂੰ ਦੱਸਿਆ ਕਿ ਉਸਨੂੰ ਬੁਖਾਰ ਹੈ ਤਾਂ ਡਾਕਟਰ ਨੇ ਕਿਹਾ ਕਿ ਬੁਖਾਰ ਹੋਣਾ ਆਮ ਗੱਲ ਹੈ। ਇਸ ਸਮੇਂ ਦੌਰਾਨ ਪ੍ਰਿਆ ਆਪਣੀ ਸਿਹਤ ਬਾਰੇ ਸ਼ਿਕਾਇਤ ਕਰਦੀ ਰਹੀ ਪਰ ਡਾਕਟਰ ਨੇ 30 ਅਕਤੂਬਰ 2025 ਨੂੰ ਉਸਨੂੰ ਛੁੱਟੀ ਦੇ ਦਿੱਤੀ। ਘਰ ਵਾਪਸ ਆਉਣ ਤੋਂ ਬਾਅਦ ਵੀ ਪ੍ਰਿਆ ਦੀ ਹਾਲਤ ਖ਼ਰਾਬ ਰਹੀ। ਇਸ ਸਮੇਂ ਦੌਰਾਨ ਉਹ ਉਸਨੂੰ ਡਾਕਟਰ ਕੋਲ ਵਾਪਸ ਲੈ ਕੇ ਗਏ ਪਰ ਡਾਕਟਰ ਕਹਿੰਦੀ ਰਹੀ ਕਿ ਕੋਈ ਗੱਲ ਨਹੀਂ ਮੈਂ ਇਲਾਜ ਕਰ ਰਹੀ ਹਾਂ। ਪ੍ਰਿਆ ਦੀ ਹਾਲਤ ਸਹੀ ਨਾ ਹੁੰਦੀ ਦੇਖਕੇ ਉਨ੍ਹਾਂ ਨੇ ਮੁਸ਼ਕਿਲ ਨਾਲ ਡਾਕਟਰ ਨੂੰ ਕਿਹਾ ਕਿ ਉਨ੍ਹਾਂ ਨੇ ਇੱਥੇ ਨਹੀਂ ਰੁਕਣਾ ਅਸੀਂ ਉਸਨੂੰ ਕਿਤੇ ਹੋਰ ਲੈ ਜਾ ਰਹੇ ਹਾਂ ਪਰ ਇਸ ਸਮੇਂ ਦੌਰਾਨ ਵੀ ਡਾਕਟਰ ਟਾਲ-ਮਟੋਲ ਦੀ ਨੀਤੀ ਅਪਣਾਉਦੀ ਰਹੀ ਤੇ ਸਾਡਾ ਸਮਾਂ ਖਰਾਬ ਹੁੰਦਾ ਰਿਹਾ ਪਰ ਅਸੀਂ ਛੁੱਟੀ ਲੈ ਕੇ ਪ੍ਰਿਆ ਨੂੰ ਇਲਾਜ ਲਈ ਬਠਿੰਡਾ ਲੈ ਗਏ। ਉਥੇ ਪਹੁੰਚਣ ਤੋਂ ਬਾਅਦ ਹੀ ਸਾਨੂੰ ਪਤਾ ਲੱਗਾ ਕਿ ਪ੍ਰਿਆ ਦੇ ਬੱਚੇਦਾਨੀ ਦੇ ਟਾਂਕੇ ਖੁੱਲੇ ਹੋਏ ਹਨ ਤੇ ਬੱਚੇਦਾਨੀ ’ਚ ਰੇਸ਼ਾ ਭਰ ਗਿਆ ਹੈ। ਸ਼ਾਮ ਲਾਲ ਪਾਰੀਕ ਨੇ ਦੱਸਿਆ ਕਿ ਬਠਿੰਡਾ ਦੇ ਡਾਕਟਰਾਂ ਨੇ ਬਹੁਤ ਮੁਸ਼ਕਲ ਨਾਲ ਪ੍ਰਿਆ ਦੀ ਬੱਚੇਦਾਨੀ ’ਚੋਂ ਕਾਫ਼ੀ ਮਾਤਰਾ ’ਚ ਰੇਸ਼ਾ ਕੱਢਿਆ ਤੇ ਦੱਸਿਆ ਕਿ ਰੇਸ਼ੇ ਕਾਰਨ ਬੱਚੇਦਾਨੀ ਪੂਰੀ ਤਰ੍ਹਾਂ ਗਲ ਗਈ ਹੈ ਤੇ ਇਸਨੂੰ ਕੱਢਣਾ ਪਵੇਗਾ ਤੇ ਨਾ ਚਾਹੁੰਦੇ ਹੋਏ ਵੀ ਪ੍ਰਿਆ ਦੀ ਹਾਲਤ ਨੂੰ ਦੇਖਦੇ ਹੋਏ ਡਾਕਟਰਾਂ ਨੇ ਬੱਚੇਦਾਨੀ ਕੱਢ ਦਿੱਤੀ। ਉਨ੍ਹਾਂ ਦੱਸਿਆ ਕਿ ਇਲਾਜ ਦੌਰਾਨ ਡਾਕਟਰ ਨੇ ਮੇਰੇ ਪੁੱਤਰ ਤੇ ਮੇਰੇ ਪਰਿਵਾਰ ਤੋਂ ਕਈ ਖਾਲੀ ਕਾਗਜ਼ਾਂ ਤੇ ਦਸਤਖਤ ਕਰਵਾ ਲਏ ਹਨ ਕਿਉਂਕਿ ਮਰੀਜ਼ ਦਾ ਪਰਿਵਾਰ ਉਸ ਸਮੇਂ ਅਕਸਰ ਸਮਝ ’ਚ ਨਹੀਂ ਹੁੰਦਾ। ਇਲਾਜ ਦੌਰਾਨ ਡਾਕਟਰ ਨੇ ਕੁਝ ਰਿਪੋਰਟਾਂ ’ਚੋਂ ਕੁਝ ਕਾਗਜ ਵੀ ਆਪਣੇ ਕੋਲ ਰੱਖ ਲਏ ਹਨ। ਉਨ੍ਹਾਂ ਦੱਸਿਆ ਕਿ ਇਸ ਸਮੇਂ ਦੌਰਾਨ ਉਨ੍ਹਾਂ ਨਿੱਜੀ ਹਸਪਤਾਲ ’ਚ ਇਲਾਜ ਦੌਰਾਨ ਲਗਭਗ 60,000 ਰੁਪਏ ਅਦਾ ਕੀਤੇ। ਉਧਰ ਮੀਡੀਆ ਵਿਚ ਆਪਣਾ ਪੱਖ ਰੱਖਦਿਆਂ ਡਾਕਟਰ ਪੂਜਾ ਕਾਮਰਾ ਨੇ ਕਿਹਾ ਕਿ ਇਸ ’ਚ ਲਾਪਰਵਾਹੀ ਵਾਲੀ ਤਾਂ ਕੋਈ ਗੱਲ ਨਹੀਂ ਹੈ। ਮਰੀਜ਼ ਦਾ ਇੱਥੇ ਇਲਾਜ ਕੀਤਾ ਗਿਆ ਸੀ ਤੇ ਆਪ੍ਰੇਸ਼ਨ ਤੋਂ ਬਾਅਦ ਉਹ ਚੰਗੀ ਹਾਲਤ ’ਚ ਸੀ। ਅਸੀਂ ਆਪਣੇ ਤੌਰ ਤੇ ਸਹੀ ਇਲਾਜ ਕੀਤਾ ਹੈ। ਉਨਾਂ ਵਿਰੁੱਧ ਪ੍ਰੈਸ ਕਾਨਫਰੰਸ ਦੌਰਾਨ ਜੋ ਵੀ ਅਰੋਪ ਲਾਏ ਜਾ ਰਹੇ ਹਨ ਉਹ ਸਹੀ ਨਹੀ ਹਨ।

# ਗੁਰਦੁਆਰਾ ਟਿੱਬੀ ਸਾਹਿਬ ਨੂੰ ਜਾਣ ਵਾਲੀ ਸੜਕ ਦੀ ਹਾਲਤ ਖਸਤਾ

## ਮੈਨੇਜਰ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਨੇ ਡੀਸੀ ਮੁਕਤਸਰ ਨੂੰ ਪੱਤਰ ਲਿਖ ਕੇ ਕਈ ਸਮੱਸਿਆਵਾਂ ਤੋਂ ਕਰਵਾਇਆ ਜਾਣੂੰ, ਡੀਸੀ ਨੇ ਸਮੱਸਿਆਵਾਂ ਦੇ ਹੱਲ ਦਾ ਦਿੱਤਾ ਭਰੋਸਾ





**ਸ੍ਰੀ ਮੁਕਤਸਰ ਸਾਹਿਬ, 10 ਦਸੰਬਰ (ਰਵੀਨਾ ਅਰੋੜਾ)** ਇਤਿਹਾਸਿਕ ਗੁਰਦੁਆਰਿਆਂ ਨੂੰ ਜੋੜਨ ਵਾਲੀ ਗੁਰਦੁਆਰਾ ਟਿੱਬੀ ਸਾਹਿਬ ਨੂੰ ਜਾਣ ਵਾਲੀ ਸੜਕ ਦੀ ਹਾਲਤ ਬੀਤੇ ਕਰੀਬ ਤਿੰਨ ਸਾਲ ਤੋਂ ਤਰਸਯੋਗ ਹੈ, ਇਸ ਨੂੰ ਲੈ ਕੇ ਗੁਰਦੁਆਰਾ ਸਾਹਿਬ ਮੈਨੇਜਮੈਂਟ ਕਮੇਟੀ ਵਲੋਂ ਵਾਰ-ਵਾਰ ਪ੍ਰਸ਼ਾਸਨ ਅਤੇ ਵਿਭਾਗ ਨੂੰ ਜਾਣੂੰ ਕਰਵਾਇਆ ਗਿਆ, ਪਰ ਇਸ ਵੱਲ ਕਿਸੇ ਦਾ ਵੀ ਧਿਆਨ ਨਹੀਂ ਜਾ ਰਿਹਾ ਹੈ। ਸੜਕ ਦੀ ਹਾਲਤ ਬਹੁਤ ਖ਼ਰਾਬ ਹੋਣ, ਸੀਵਰੇਜ ਅਤੇ ਖਾਲੇ ਦਾ ਪਾਣੀ ਲੀਕ ਹੋਣ ਦੇ ਚਲਦਿਆਂ ਸੜਕ ’ਤੇ ਜਮਾ ਹੋ ਜਾਣ ਦੇ ਕਾਰਨ ਮੇਲਾ ਮਾਘੀ ਮੌਕੇ ਦਰਸ਼ਨ ਕਰਨ ਆਏ ਸ਼ਰਧਾਲੂਆਂ ਨੂੰ ਬਹੁਤ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਨੂੰ ਇਸ ਗੰਦੇ ਪਾਣੀ ਵਿੱਚੋਂ ਹੋ ਕੇ ਇਤਿਹਾਸਿਕ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਪੈਂਦੇ ਹਨ। ਇਸ ਸੜਕ ਦੀ ਮੁਰੰਮਤ ਅਤੇ ਪਾਣੀ ਦੀ ਨਿਕਾਸੀ ਲਈ ਸ਼੍ਰੀ ਦਰਬਾਰ ਸਾਹਿਬ ਸ਼੍ਰੀ ਮੁਕਤਸਰ ਸਾਹਿਬ ਵਲੋਂ ਡੀ.ਸੀ. ਮੁਕਤਸਰ ਨੂੰ ਇੱਕ ਪੱਤਰ ਵੀ ਲਿਖਿਆ ਗਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸ਼੍ਰੀ ਦਰਬਾਰ ਸਾਹਿਬ ਸ਼੍ਰੀ ਮੁਕਤਸਰ ਸਾਹਿਬ ਦੇ ਮੈਨੇਜਰ ਨਿਰਮਲਜੀਤ ਸਿੰਘ ਨੇ ਦੱਸਿਆ ਕਿ ਗੁਰੂ ਨਾਨਕ ਕਾਲਜ, ਜਲਾਲਾਬਾਦ ਰੋਡ ਤੱਕ ਵਾਇਆ ਗੁਰਦੁਆਰਾ ਦਾਤਨਸਰ ਸਾਹਿਬ ਨੂੰ ਜਾਂਦੀ ਸੜਕ ਦੀ ਬੀਤੇ ਕਰੀਬ ਤਿੰਨ ਸਾਲ ਤੋਂ ਹਾਲਤ ਕਾਫ਼ੀ ਖ਼ਰਾਬ ਹੈ। ਮੇਲਾ ਮਾਘੀ ਦੇ ਨੇੜੇ ਆਉਂਦੀ ਬਾਰਿਸ਼ ਦੇ ਕਾਰਣ ਜਿੱਥੇ ਕਾਫ਼ੀ ਪਾਣੀ ਜਮਾ ਹੋ ਜਾਂਦਾ ਹੈ, ਜਿਸ ਕਾਰਣ ਸ਼ਰਧਾਲੂਆਂ ਨੂੰ ਕਾਫ਼ੀ ਪਰੇਸ਼ਾਨੀ ਹੁੰਦੀ ਹੈ। ਇਸ ਦੇ ਨਾਲ ਹੀ ਸੀਵਰੇਜ ਅਤੇ ਉੱਥੋਂ ਗੁਜ਼ਰਦੇ ਨਹਿਰੀ ਪਾਣੀ ਦੇ ਖਾਲੇ ਤੋਂ ਹੁੰਦੀ ਲੀਕੇਜ ਕਾਰਨ ਪਾਣੀ ਸੜਕ ’ਤੇ ਜਮਾ ਹੋ ਜਾਂਦਾ ਹੈ ਅਤੇ ਮੇਲਾ ਮਾਘੀ ਮੌਕੇ ਗੁਰਦੁਆਰਾ ਦਾਤਨਸਰ ਸਾਹਿਬ, ਗੁਰਦੁਆਰਾ ਰਕਾਬਸਰ ਸਾਹਿਬ, ਗੁਰਦੁਆਰਾ ਟਿੱਬੀ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਨੂੰ ਕਾਫ਼ੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਨ੍ਹਾਂ ਦੱਸਿਆ ਕਿ ਬੀਤੀ 23 ਨਵੰਬਰ ਨੂੰ ਉਨ੍ਹਾਂ ਨੇ ਡੀ.ਸੀ. ਮੁਕਤਸਰ ਨੂੰ ਇੱਕ ਪੱਤਰ ਲਿਖਿਆ ਹੈ, ਜਿਸ ਵਿੱਚ ਉਨ੍ਹਾਂ ਇਸ ਸੜਕ ਦੀ ਮੁਰੰਮਤ ਕਰਨ, ਸੀਵਰੇਜ ਸਮੱਸਿਆ ਅਤੇ ਨਾਕਾ ਨੰਬਰ 2, 3 ਅਤੇ 4 ਦੇ ਆਸ-ਪਾਸ ਵਾਲੇ ਘਰਾਂ ਦੁਆਰਾ ਆਰਜੀ ਦੁਕਾਨਾਂ ਲਗਾ ਕੇ ਗਲੀ ਰੋਕੀ ਹੋਈ ਹੈ, ਉਹਨਾਂ ਨੂੰ ਤੁਰੰਤ ਹਟਾਉਣ, ਨਾਕਾ ਨੰਬਰ 6 ’ਤੇ ਲੱਗੀ ਰੂੜੀ ਨੂੰ ਚੁੱਕਵਾਉਣ, ਨਾਕਾ ਨੰਬਰ 1 ਅਤੇ 2 ’ਤੇ ਮੇਲਾ ਮਾਘੀ ਮੌਕੇ ਗੰਭੀਰ ਹੋ ਰਹੀ ਸੀਵਰੇਜ ਸਮੱਸਿਆ ਦਾ ਹੱਲ ਕਰਵਾਉਣ ਦੀ ਗੱਲ ਕਹੀ ਹੈ। ਉਨ੍ਹਾਂ ਦੱਸਿਆ ਕਿ ਡੀ.ਸੀ. ਮੁਕਤਸਰ ਨੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਹੈ ਕਿ ਮੇਲਾ ਮਾਘੀ ਤੋਂ ਪਹਿਲਾਂ-ਪਹਿਲਾਂ ਇਨ੍ਹਾਂ ਸਭ ਸਮੱਸਿਆਵਾਂ ਦਾ ਹੱਲ ਕਰਵਾ ਦਿੱਤਾ ਜਾਵੇਗਾ।

# ਭਵਾਨੀਗੜ੍ਹ ਦਾ ਬਿਕਰਮਜੀਤ ਸਿੰਘ ਰਸੀਆ ’ਚ ਛਾਇਆ, ਦੋ ਸੋਨੇ ਦੇ ਤਗਮੇ ਜਿੱਤ ਕੇ ਦੇਸ਼ ਦਾ ਨਾਮ ਕੀਤਾ ਰੌਸ਼ਨ



**ਭਵਾਨੀਗੜ੍ਹ, 10 ਦਸੰਬਰ (ਰਾਜ ਖੁਰਮੀ):** ਸਥਾਨਕ ਇੱਥੋਂ ਦੇ ਨੌਜਵਾਨ ਬਿਕਰਮਜੀਤ ਸਿੰਘ ਨੇ ਇੰਟਰਨੈਸ਼ਨਲ ਪੱਧਰ ‘ਤੇ ਆਪਣੀ ਕਾਬਲਿਯਤ ਦਾ ਲੋਹਾ ਮਨਵਾਇਆ ਹੈ। ਰਸੀਆ ਵਿੱਚ ਹੋਈ ਵਰਲਡ ਪਾਵਰਲਿਫਟਿੰਗ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਬਿਕਰਮਜੀਤ ਨੇ ਦੋ ਸੋਨੇ ਦੇ ਤਗਮੇ ਆਪਣੇ ਨਾਮ ਕੀਤੇ। ਇਸ ਜਿੱਤ ਨਾਲ ਨਾ ਕੇਵਲ ਸ਼ਹਿਰ ਭਵਾਨੀਗੜ੍ਹ ਬਲਕਿ ਪੂਰੇ ਪੰਜਾਬ ਅਤੇ ਭਾਰਤ ਦਾ ਸਿਰ ਮਾਣ ਨਾਲ ਉੱਚਾ ਹੋ ਗਿਆ।ਬਿਕਰਮਜੀਤ ਸਿੰਘ ਦੀ ਯੋਗਤਾ, ਤਿਆਰੀ ਅਤੇ ਦ੍ਰਿੜਤਾ ਦੇ ਪਿੱਛੇ ਉਸਦੇ ਕੋਚ ਦੀਪਇੰਦਰ ਸਿੰਘ ਦੀ ਬੇਹਤਰੀਨ ਰਹਿਨੁਮਾਈ ਰਹੀ। ਦੀਪਇੰਦਰ ਸਿੰਘ ਖੁਦ ਵੀ ਇੰਟਰਨੈਸ਼ਨਲ ਪਾਵਰਲਿਫਟਰ ਹਨ ਅਤੇ ਬਿਕਰਮ ਦੇ ਤਿਆਰੀ ਸਫਰ ਵਿੱਚ ਉਹਨਾਂ ਦੀ ਮਹੱਤਵਪੂਰਨ ਭੂਮਿਕਾ ਰਹੀ।ਬਿਕਰਮਜੀਤ ਦੇ ਪਿਤਾ ਹਰਵਿੰਦਰ ਸਿੰਘ ਖਹਿਰਾ ਨੇ ਖੁਸ਼ੀ ਜਤਾਉਂਦੇ ਹੋਏ ਕਿਹਾ ਕਿ ਇਹ ਜਿੱਤ ਸਿਰਫ਼ ਉਹਨਾਂ ਦੇ ਪਰਿਵਾਰ ਲਈ ਨਹੀਂ, ਸਗੋਂ ਪੂਰੇ ਇਲਾਕੇ ਲਈ ਮਾਣ ਦੀ ਗੱਲ ਹੈ। ਉਹਨਾਂ ਨੇ ਕਿਹਾ ਕਿ ਬਿਕਰਮਜੀਤ ਦੀ ਸਫਲਤਾ ਦੇ ਪਿੱਛੇ ਕੋਚ ਦੀ ਕਾਫੀ ਮਿਹਨਤ ਅਤੇ ਪੁੱਤਰ ਦੀ ਲਗਨ ਹੈ। ਨੌਜਵਾਨਾਂ ਨੂੰ ਸੰਦੇਸ਼ ਦਿੰਦਿਆਂ ਹਰਵਿੰਦਰ ਸਿੰਘ ਨੇ ਕਿਹਾ ਕਿ ਖੇਡਾਂ ਨਾਲ ਜੁੜਨਾ ਜੀਵਨ ਵਿੱਚ ਅਨੁਸ਼ਾਸਨ, ਤੰਦਰੁਸਤੀ ਅਤੇ ਕਾਮਯਾਬੀ ਦੇ ਦਰਵਾਜ਼ੇ ਖੋਲ੍ਹਦਾ ਹੈ। ਉਹਨਾਂ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਨਸ਼ਿਆਂ ਤੋਂ ਦੂਰ ਰਹਿ ਕੇ ਸਿਹਤਮੰਦ ਜੀਵਨਸ਼ੈਲੀ ਅਪਨਾਉਣਾ ਬਹੁਤ ਜ਼ਰੂਰੀ ਹੈ। ਬਿਕਰਮਜੀਤ ਸਿੰਘ ਦੀ ਇਹ ਉਪਲਬਧੀ ਨੌਜਵਾਨ ਖਿਡਾਰੀਆਂ ਲਈ ਪ੍ਰੇਰਣਾਦਾਇਕ ਉਦਾਹਰਨ ਹੈ ਅਤੇ ਇਹ ਸਾਬਤ ਕਰਦੀ ਹੈ ਕਿ ਮਿਹਨਤ, ਅਨੁਸ਼ਾਸਨ ਅਤੇ ਦ੍ਰਿੜਤਾ ਨਾਲ ਕੋਈ ਵੀ ਮੰਜ਼ਿਲ ਦੂਰ ਨਹੀਂ। ਇਸ ਜਿੱਤ ਨਾਲ ਭਵਾਨੀਗੜ੍ਹ ਦੇ ਖੇਡ ਪ੍ਰੇਮੀਆਂ ਅਤੇ ਪਾਵਰਲਿਫਟਿੰਗ ਜਗਤ ਵਿੱਚ ਖੁਸ਼ੀ ਦੀ ਲਹਿਰ ਹੈ ਅਤੇ ਹਰ ਕੋਈ ਇਸ ਨੌਜਵਾਨ ਸਿਤਾਰੇ ਨੂੰ ਮੁਬਾਰਕਬਾਦ ਦੇ ਰਿਹਾ ਹੈ।

# ਸਰੀਫ਼ ਅਤੇ ਮਿਹਨਤੀ ਇਨਸਾਨ: ਹੈਲਿਕ ਬਾਂਸਲ

ਅੱਜ ਦਾ ਦਿਨ ਬਾਂਸਲ ਪਰਿਵਾਰ ਲਈ ਖਾਸ ਖ਼ੁਸ਼ੀ ਦਾ ਮੌਕਾ ਹੈ, ਕਿਉਂਕਿ ਉਨ੍ਹਾਂ ਦੇ ਪਿਆਰੇ ਪੁੱਤਰ ਸ੍ਰੀ ਹੈਲਿਕ ਬਾਂਸਲ ਆਪਣਾ 30ਵਾਂ ਜਨਮ ਦਿਨ ਮਨਾ ਰਹੇ ਹਨ। ਇਸ ਖਾਸ ਦਿਨ 'ਤੇ, ਅਸੀਂ ਉਨ੍ਹਾਂ ਦੇ ਜੀਵਨ ਦੇ ਸਾਰੇ ਪੱਖਾਂ ਵਿੱਚ ਮਿਲੀ ਸਫਲਤਾ ਦਾ ਜਸ਼ਨ ਮਨਾਉਂਦੇ ਹਾਂ:



ਹੈਲਿਕ ਬਾਂਸਲ ਸਫਲਤਾ ਪੂਰਵਕ ਆਪਣੇ ਦਾਦਾ ਜੀ ਸ੍ਰੀ ਸ਼ਾਮ ਲਾਲ ਬਾਂਸਲ, ਪਿਤਾ ਜੀ, ਸ੍ਰੀ ਸੰਜੀਵ ਬਾਂਸਲ ਅਤੇ ਚਾਚਾ ਨਵੀਨ ਬਾਂਸਲ ਦੇ ਵਿਰਸੇ ਨੂੰ ਅੱਗੇ ਵਧਾ ਰਹੇ ਹਨ ਅਤੇ ਪਰਿਵਾਰਕ ਵਪਾਰ ਨੂੰ ਨਵੀਆਂ ਉਚਾਈਆਂ 'ਤੇ ਲੈ ਕੇ ਜਾ ਰਹੇ ਹਨ। ਉਨ੍ਹਾਂ ਦੀ ਮਿਹਨਤ ਅਤੇ ਸਮਰਪਣ ਸੱਚਮੁੱਚ ਪ੍ਰੇਰਣਾਦਾਇਕ ਹੈ। ਉਨ੍ਹਾਂ ਦੀ ਸਭ ਤੋਂ ਵੱਡੀ ਤਾਕਤ ਉਨ੍ਹਾਂ ਦਾ ਪਿਆਰਾ ਪਰਿਵਾਰ ਹੈ। ਉਹ ਆਪਣੀ ਪਤਨੀ ਤਮੰਨਾ ਬਾਂਸਲ ਅਤੇ ਛੋਟੀ ਬੇਟੀ ਅਹਾਨਾ ਦੇ ਪਿਆਰ ਵਿੱਚ ਬਹੁਤ ਖ਼ੁਸ਼ੀ ਮਹਿਸੂਸ ਕਰਦੇ ਹਨ। ਪਿਤਾ ਸ੍ਰੀ ਸੰਜੀਵ ਬਾਂਸਲ, ਮਾਤਾ ਸ਼੍ਰੀਮਤੀ ਗੀਤੂ ਬਾਂਸਲ, ਅਤੇ ਭੈਣ ਕ੍ਰਿਤਿਕਾ ਦਾ ਅਟੁੱਟ ਪਿਆਰ ਅਤੇ ਸਹਿਯੋਗ ਉਨ੍ਹਾਂ ਦੀ ਜ਼ਿੰਦਗੀਅਤੇ ਕਾਰੋਬਾਰ ਵਿੱਚ ਹਰ ਫੈਸਲੇ ਦੀ ਨੀਂਹ ਹੈ।

ਅੱਜ, ਅਸੀਂ ਦੁਆ ਕਰਦੇ ਹਾਂ ਕਿ ਆਉਣ ਵਾਲੇ ਸਾਲ ਉਨ੍ਹਾਂ ਦੀ ਜ਼ਿੰਦਗੀ ਨੂੰ ਹੋਰ ਸਫਲਤਾ, ਚੰਗੀ ਸਿਹਤ ਅਤੇ ਬੇਅੰਤ ਖ਼ੁਸ਼ੀਆਂ ਨਾਲ ਭਰ ਦੇਣ। ਉਹ ਇਕ ਸਰੀਫ਼ ਅਤੇ ਮਿਹਨਤੀ ਇਨਸਾਨ ਹੈ ਜਿਨ੍ਹਾਂ ਨੇ ਵਿਦੇਸ਼ ਵਿੱਚ ਪੜ੍ਹਾਈ ਕਰਕੇ ਵੀ ਆਪਣੇ ਦੇਸ਼ ਵਿੱਚ ਰਹਿ ਕੇ ਆਪਣੇ ਪਰਿਵਾਰਿਕ ਵਪਾਰ ਨੂੰ ਅੱਗੇ ਵਧਾਉਣ ਦਾ ਟੀਚਾ ਰੱਖਿਆ ਅਤੇ ਜਿਸ ਤੇ ਉਹ ਪੂਰੀ ਤਰ੍ਹਾਂ ਖਰੇ ਵੀ ਉੱਤਰ ਰਹੇ ਹਨ।

**ਹੈਲਿਕ, ਜਨਮ ਦਿਨ ਬਹੁਤ-ਬਹੁਤ ਮੁਬਾਰਕ ਹੋਵੇ !**

# 5ਵੀਂ ਜਮਾਤ ਦੀ ਏਕਨੂਰ ਕੌਰ ਨੇ ਤੈਰਾਕੀ 'ਚ ਜਿੱਤੇ 4 ਸੋਨ ਤਮਗੇ



**ਕੋਟਕਪੂਰਾ, 10 ਦਸੰਬਰ (ਟਿੰਕੂ ਕੁਮਾਰ)** :- ਪ੍ਰਾਇਮਰੀ ਸਕੂਲ ਗੇਮਜ਼ ਵਿੱਚ ਰਾਜ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਬਾਬਾ ਫਰੀਦ ਪਬਲਿਕ ਸਕੂਲ ਫਰੀਦਕੋਟ ਦੀ ਝੋਲੀ ਵਿੱਚ ਮਾਣ ਪਾਉਣ ਵਾਲੀ ਵਿਦਿਆਰਥਣ ਏਕਨੂਰ ਕੌਰ ਨੇ ਤੈਰਾਕੀ ਮੁਕਾਬਲਿਆਂ ਵਿੱਚ 4 ਸੋਨੇ ਦੇ ਤਮਗੇ ਜਿੱਤ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਉਸਦੇ ਇਸ ਕਾਬਿਲੇ-ਤਾਰੀਫ਼ ਪ੍ਰਦਰਸ਼ਨ ਨੇ ਖੇਡ ਮੈਦਾਨ ਵਿੱਚ ਉਸਦੀ ਭਰਪੂਰ ਸ਼ਲਾਘਾ ਕਰਵਾਈ। ਸਕੂਲ ਕਮੇਟੀ ਮੈਂਬਰ ਸੁਰਿੰਦਰ ਸਿੰਘ ਰੋਮਾਣਾ ਨੇ ਵੀ ਏਕਨੂਰ ਕੌਰ ਦੀ ਮਿਹਨਤ, ਸਮਰਪਣ ਅਤੇ ਖੇਡ ਪ੍ਰਤੀਭਾ ਦੀ ਖੁੱਲ੍ਹ ਕੇ ਪ੍ਰਸੰਸਾ ਕੀਤੀ। ਸਕੂਲ ਦੇ ਕਾ. ਪ੍ਰਿੰਸੀਪਲ ਸ਼੍ਰੀਮਤੀ ਸੁਖਦੀਪ ਕੌਰ ਨੇ ਕਿਹਾ ਕਿ ਏਕਨੂਰ ਦੀ ਇਹ ਸਫਲਤਾ ਹੋਰ ਵਿਦਿਆਰਥੀਆਂ ਲਈ ਪ੍ਰੇਰਣਾ ਦਾ ਸਰੋਤ ਹੈ। ਏਕਨੂਰ ਕੌਰ ਦੀ ਇਹ ਜਿੱਤ ਇਹ ਸਾਬਤ ਕਰਦੀ ਹੈ ਕਿ ਅਨੁਸ਼ਾਸਨ, ਲਗਨ ਅਤੇ ਮਿਹਨਤ ਨਾਲ ਹਰ ਮੰਜ਼ਿਲ ਹਾਸਲ ਕੀਤੀ ਜਾ ਸਕਦੀ ਹੈ।

# ਦਿਵਿਆ ਜਯੋਤੀ ਜਾਗ੍ਰਤੀ ਸੰਸਥਾਨ ਵੱਲੋਂ ਮੋਬਾਇਲ ਯੁੱਗ 'ਚ ਸ਼ੋਸ਼ਲ ਮੀਡੀਆ ਦੀ ਵਰਤੋਂ ਦੇ ਬੱਚਿਆਂ ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ






**ਮਲੋਟ 10 ਦਸੰਬਰ (ਹਰਦੀਪ ਸਿੰਘ ਖਾਲਸਾ)** ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਵੱਲੋਂ ਡਬਵਾਲੀ ਮਲਕੋਂ ਸਥਿਤ ਆਸ਼ਰਮ ਵਿੱਚ ਸਕੂਲ ਦੇ ਬੱਚਿਆਂ ਲਈ ਡਿਜ਼ਿਟਲ ਐਡਿਕਸ਼ਨ 'ਤੇ ਇੱਕ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਸਾਧਵੀ ਪ੍ਰਜੀਤਾ ਭਾਰਤੀ ਨੇ ਕਿਹਾ ਕਿ ਆਜ ਦੇ ਡਿਜ਼ਿਟਲ ਯੁੱਗ ਵਿੱਚ ਸਮਾਰਟਫੋਨ, ਸੋਸ਼ਲ ਮੀਡੀਆ ਅਤੇ ਆਨਲਾਈਨ ਗੇਮਿੰਗ ਦਾ ਅਤਿਅਧਿਕ ਪਰਯੋਗ ਤੇਜ਼ੀ ਨਾਲ ਵੱਧ ਰਿਹਾ ਹੈ।ਇਹ ਵੱਧਦਾ ਰੁਝਾਨ ਹੁਣ ਡਿਜ਼ਿਟਲ ਐਡਿਕਸ਼ਨ ਦੇ ਰੂਪ ਵਿੱਚ ਇੱਕ ਗੰਭੀਰ ਸਮਾਜਕ ਅਤੇ ਮਾਨਸਿਕ ਸਿਹਤ ਸਮੱਸਿਆ ਬਣ ਚੁੱਕਾ ਹੈ। ਡਿਜ਼ਿਟਲ ਐਡਿਕਸ਼ਨ ਉਹ ਅਵਸਥਾ ਹੈ ਜਦੋਂ ਕੋਈ ਵਿਅਕਤੀ ਮੋਬਾਈਲ, ਇੰਟਰਨੈੱਟ, ਸੋਸ਼ਲ ਮੀਡੀਆ ਜਾਂ ਆਨਲਾਈਨ ਮਨੋਰੰਜਨ ਦਾ ਇਨਾ ਜ਼ਿਆਦਾ ਪ੍ਰਯੋਗ ਕਰਦਾ ਹੈ ਕਿ ਇਹ ਉਸ ਦੀ ਦਿਨਚਰਿਆ, ਸਿਹਤ, ਵਿਆਵਹਾਰ ਅਤੇ ਰਿਸ਼ਤਿਆਂ 'ਤੇ ਨਕਾਰਾਤਮਕ ਪ੍ਰਭਾਵ ਪਾਉਣ ਲੱਗਦਾ ਹੈ।ਇਸ ਕਰਕੇ ਆਜਕਲ ਬੱਚਿਆਂ ਅਤੇ ਨੌਜਵਾਨਾਂ ਵਿੱਚ ਸਕਰੀਨ ਟਾਈਮ ਜ਼ਰੂਰਤ ਤੋਂ ਵੱਧ ਵੱਧ ਰਿਹਾ ਹੈ। ਨੀਂਦ ਦੀ ਘਾਟ, ਚਿੜਚਿੜਾਪਣ, ਧਿਆਨ ਵਿੱਚ ਕਮੀ ਅਤੇ ਅੱਖਾਂ ਦੀਆਂ ਸਮੱਸਿਆਵਾਂ ਤੇਜ਼ੀ ਨਾਲ ਵੱਧ ਰਹੀਆਂ ਹਨ। ਸੋਸ਼ਲ ਮੀਡੀਆ 'ਤੇ ਬੇਹੱਦ ਸਮਾਂ ਬਿਤਾਉਣ ਨਾਲ ਆਤਮ-ਸਮਾਨ ਵਿੱਚ ਕਮੀ ਅਤੇ ਚਿੰਤਾ- ਅਵਸਾਦ ਵਰਗੀਆਂ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ। ਪਰਿਵਾਰ ਅਤੇ ਸਮਾਜਿਕ ਜੀਵਨ 'ਤੇ ਵੀ ਨਕਾਰਾਤਮਕ ਅਸਰ ਪੈ ਰਿਹਾ ਹੈ। ਮਨੋਵਿਗਿਆਨੀਆਂ ਦੇ ਅਨੁਸਾਰ ਡਿਜ਼ਿਟਲ ਉਪਕਰਣਾਂ ਦਾ ਅਤਿਅਧਿਕ ਪ੍ਰਯੋਗ ਦਿਮਾਗ ਦੇ ਡੋਪਾਮਿਨ ਸਿਸਟਮ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਨਾਲ ਵਿਅਕਤੀ ਮੁੜ-ਮੁੜ ਨੋਟੀਫਿਕੇਸ਼ਨ, ਰੀਲਜ਼, ਗੇਮਜ਼ ਅਤੇ ਚੈਟ ਵੱਲ ਖਿੱਚਿਆ ਜਾਂਦਾ ਹੈ। ਇਹ ਵਿਵਹਾਰ ਹੌਲੇ-ਹੌਲੇ ਇੱਕ ਅਨਿਯੰਤਰਿਤ ਆਦਤ ਦਾ ਰੂਪ ਧਾਰ ਲੈਂਦਾ ਹੈ।ਇਨ੍ਹਾਂ ਸਭ ਤੋਂ ਬਚਣ ਦਾ ਇਕੋ ਹੀ ਰਸਤਾ ਹੈ ਰੋਜ਼ਾਨਾ ਦਾ ਸਕਰੀਨ ਟਾਈਮ ਨਿਰਧਾਰਤ ਕਰੋ,ਖਾਣੇ, ਸੌਣ ਅਤੇ ਪੜ੍ਹਾਈ ਦੇ ਸਮੇਂ ਮੋਬਾਇਲ ਨਾ ਵਰਤੋ, ਪਰਿਵਾਰ ਵਿੱਚ "ਨੋ ਮੋਬਾਇਲ ਆਵਰ" ਅਪਨਾਓ,ਸੋਸ਼ਲ ਮੀਡੀਆ ਡਿਟਾਕਸ ਦਾ ਅਭਿਆਸ ਕਰੋ,ਬੱਚਿਆਂ ਦੀ ਡਿਜ਼ਿਟਲ ਗਤੀਵਿਧੀਆਂ 'ਤੇ ਨਿਗਰਾਨੀ ਅਤੇ ਮਾਰਗਦਰਸ਼ਨ ਦਿਓ। ਡਿਜ਼ਿਟਲ ਐਡਿਕਸ਼ਨ ਸਿਰਫ਼ ਵਿਅਕਤੀਗਤ ਸਮੱਸਿਆ ਨਹੀਂ, ਸਗੋਂ ਸਮਾਜ ਦੇ ਸਿਹਤਮੰਦ ਭਵਿੱਖ ਨਾਲ ਜੁੜੀ ਵੱਡੀ ਚੁਣੌਤੀ ਹੈ। ਸਮੇਂ ਉੱਤੇ ਜਾਗਰੂਕਤਾ ਅਤੇ ਸੰਯਮ ਹੀ ਇਸ ਦਾ ਸਭ ਤੋਂ ਪ੍ਰਭਾਵਸ਼ਾਲੀ ਹੱਲ ਹੈ ਅਤੇ ਅਸੀਂ ਆਪਣੀ ਦਿਨਚਰਿਆ ਵਿੱਚੋਂ ਕੁਝ ਸਮਾਂ ਕੱਢ ਕੇ ਆਧਿਆਤਮਿਕ ਮਾਰਗ 'ਤੇ ਜ਼ਰੂਰ ਅੱਗੇ ਵਧੀਏ।

# ਡਾ ਮੁਹੰਮਦ ਸ਼ਫੀਕ ਦਾ ਫਿਨਲੈਂਡ ਟਰੇਨਿੰਗ ਤੋਂ ਵਾਪਸੀ ਉਪਰੰਤ ਬੀਪੀਈਓ ਦਫ਼ਤਰ ਮਾਲੇਰਕੋਟਲਾ ਵਿਖੇ ਸਵਾਗਤ

**ਮਾਲੇਰਕੋਟਲਾ 10 ਦਸੰਬਰ (ਸ਼ਰਮਾ)** ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਵੱਲੋਂ ਫਿਨਲੈਂਡ ਗਏ ਅਧਿਆਪਕਾਂ ਦੀ ਤੀਸਰੇ ਬੈਚ ਵਿੱਚ ਮਾਲੇਰਕੋਲਾ ਤੋਂ ਡਾਕਟਰ ਮੁਹੰਮਦ ਸ਼ਫੀਕ ਨੇ ਸ਼ਿਰਕਤ ਕੀਤੀ ਉਹਨਾਂ ਨੇ ਸਿੱਖਿਆ ਵਿੱਚ ਆ ਰਹੀਆਂ ਨਵੀਆਂ ਤਕਨੀਕਾਂ ਅਤੇ ਸੁਧਾਰਾਂ ਬਾਰੇ ਫਿਨਲੈਂਡ ਦੀ ਯੂਨੀਵਰਸਿਟੀ ਆਫ ਤੁਰਕੂ ਵਿਖੇ 15 ਦਿਨਾਂ ਦੀ ਟਰੇਨਿੰਗ ਪ੍ਰਾਪਤ ਕੀਤੀ ਇਸ ਟਰੇਨਿੰਗ ਤੋਂ ਵਾਪਸ ਆਉਣ ਤੇ ਉਹਨਾਂ ਦਾ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸਰਦਾਰ ਸੋਹਣ ਸਿੰਘ ਅਤੇ ਅਕਾਦਮਿਕ ਸਹਾਇਤਾ ਗਰੁੱਪ ਜ਼ਿਲ੍ਹਾ ਮਾਲੇਰਕੋਟਲਾ ਵੱਲੋਂ ਜੀ ਆਇਆ ਨੂੰ ਕਿਹਾ ਗਿਆ ਅਤੇ ਸਨਮਾਨ ਕੀਤਾ ਗਿਆ ਉਹਨਾਂ ਦੇ ਨਾਲ ਬਲਾਕ ਸਿੱਖਿਆ ਦਫ਼ਤਰ ਦਾ ਅਮਲਾ,ਮੁਹੰਮਦ ਨਾਸਿਰ ਆਜ਼ਾਦ ,ਨਵਦੀਪ ਸਿੰਘ ਕਲਰਕ, ਸੁਮਿਤ ਸਹਿਗਲ ਅਕਾਉਂਟੈਂਟ, ਇੰਦਰਜੀਤ ਸਿੰਘ ਕਲਰਕ ਸ਼ਾਮਿਲ ਸਨ ਇਸ ਦੇ ਨਾਲ ਹੀ ਬਲਾਕ ਰਿਸੋਰਸ ਪਰਸਨ ਚਰਨਜੀਤ ਸਿੰਘ ਪੁਨੀਤ ਵਤਿਸ, ਹਰਤੇਜ ਸਿੰਘ ਯਾਮੀਨ ਨੂਰ ਅਤੇ ਨਮਾਜ ਅਲੀ ਵੀ ਸ਼ਾਮਿਲ ਸਨ ਡਾਕਟਰ ਮੁਹੰਮਦ ਸ਼ਫੀਕ ਨੇ ਉਥੇ ਗੁਜਾਰੇ 15 ਦਿਨਾਂ ਵਿੱਚ ਸਿੱਖਿਆ ਨਾਲ ਸੰਬੰਧਿਤ ਜੋ ਵੀ ਟਰੇਨਿੰਗਾਂ ਲਈਆਂ ਪ੍ਰੋਜੈਕਟ ਕੀਤਾ ਉਸ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਉਹਨਾਂ ਨੇ ਆਪਣੇ ਜ਼ਿਲ੍ਹੇ ਨੂੰ ਪੰਜਾਬ ਪੱਧਰ ਅਤੇ ਪੰਜਾਬ ਨੂੰ ਭਾਰਤ ਪੱਧਰ ਤੇ ਪਹਿਲਾਂ ਦੀ ਤਰ੍ਹਾਂ ਉੱਪਰ ਰੱਖਣ ਦਾ ਅਹਿਦ ਕੀਤਾ ਉਹਨਾਂ ਵੱਲੋਂ ਫਿਨਲੈਂਡ ਦੇ ਐਜੂਕੇਸ਼ਨ ਸਿਸਟਮ, ਉਥੇ ਬੱਚਿਆਂ ਨਾਲ ਕੀਤੇ ਜਾ ਰਹੇ ਸਿੱਖਿਆਤਮਕ ਵਿਵਹਾਰ, ਪੜ੍ਹਾਉਣ ਦੇ ਤੌਰ ਤਰੀਕੇ ਸਕੂਲਾਂ ਦੀ ਦਸਾ, ਵਿਦਿਆਰਥੀ ਵਰਗ ਨਾਲ ਜੁੜੀਆਂ ਚੰਗੀਆਂ ਗੱਲਾਂ ਬਾਰੇ ਖੂਬ ਵਿਚਾਰ ਚਰਚਾ ਕੀਤੀ ਅਤੇ ਉਥੋਂ ਸਿੱਖੀਆਂ ਗੱਲਾਂ ਨੂੰ ਆਪਣੇ ਜ਼ਿਲ੍ਹੇ ਵਿੱਚ ਲਾਗੂ ਕਰਨ ਬਾਰੇ ਵਿਚਾਰ ਵਟਾਂਦਰਾ ਕੀਤਾ ਉਨਾ ਪੰਜਾਬ ਸਰਕਾਰ ਦਾ ਧੰਨਵਾਦ ਵੀ ਕੀਤਾ ਜਿਸ ਦੇ ਸਦਕਾ ਉਹਨਾਂ ਨੂੰ ਵਿਦੇਸ਼ ਵਿੱਚ ਸਿੱਖਿਆ ਨਾਲ ਸੰਬੰਧਿਤ ਹੋ ਰਹੀਆਂ ਗਤੀਵਿਧੀਆਂ ਨੂੰ ਸਿੱਖਣ ਦਾ ਮੌਕਾ ਮਿਲਿਆ ਜੋ ਕਿ ਸਰਕਾਰ ਦਾ ਇੱਕ ਬਹੁਤ ਹੀ ਚੰਗਾ ਉਪਰਾਲਾ ਹੈ ਜੇਕਰ ਸਾਡਾ ਅਧਿਆਪਕ ਸਿੱਖਿਅਕ ਹੋਵੇਗਾ ਤਾਂ ਸਾਡੇ ਬੱਚਿਆਂ ਦਾ ਭਵਿੱਖ ਚੰਗੇ ਹੱਥਾਂ ਵਿੱਚ ਹੋਵੇਗਾ। ਇਸ ਮੌਕੇ ਉਹਨਾਂ ਜਿਲ੍ਹਾ ਸਿੱਖਿਆ ਅਫ਼ਸਰ ਮਾਲੇਰਕੋਟਲਾ ਮੈਡਮ ਬਲਜਿੰਦਰ ਕੌਰ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।



# ਅਰਵਿੰਦ ਨਗਰ 'ਚ ਪਾਣੀ ਦੀ ਸਪਲਾਈ ਬਹਾਲ : ਸੰਤੋਖ ਸਿੰਘ ਚਾਨਾ




**ਕੋਟਕਪੂਰਾ, 10 ਦਸੰਬਰ (ਟਿੰਕੂ ਕੁਮਾਰ)** :- ਅਰਵਿੰਦ ਨਗਰ ਵਿਕਾਸ ਕਮੇਟੀ ਕੋਟਕਪੂਰਾ ਦੇ ਅਹੁਦੇਦਾਰਾਂ ਦੀ ਸੰਤੋਖ ਸਿੰਘ ਚਾਨਾ ਦੀ ਅਗਵਾਈ ਹੇਠ ਕਲੋਨੀ ਦੇ ਪ੍ਰਮੋਟਰ ਦੇ ਪ੍ਰਤੀਨਿਧ ਕਮਲ ਗੁਪਤਾ ਨਾਲ ਹੋਈ ਮੀਟਿੰਗ ਦੇ ਫੈਸਲੇ ਅਨੁਸਾਰ ਪਿਛਲੇ ਕਈ ਮਹੀਨਿਆਂ ਤੋਂ ਬੰਦ ਪਾਣੀ ਦੀ ਸਪਲਾਈ ਪ੍ਰਮੋਟਰ ਵੱਲੋਂ ਅੱਜ ਤੋਂ ਬਹਾਲ ਕਰ ਦਿੱਤੀ ਗਈ ਹੈ। ਹੁਣ ਹਰ ਰੋਜ਼ ਸਵੇਰੇ ਦੋ ਘੰਟੇ ਅਤੇ ਸ਼ਾਮ ਨੂੰ ਇੱਕ ਘੰਟਾ ਪਾਣੀ ਸਪਲਾਈ ਕੀਤਾ ਜਾਵੇਗਾ। ਅਰਵਿੰਦ ਨਗਰ ਵਿਕਾਸ ਕਮੇਟੀ ਦੇ ਚੇਅਰਮੈਨ ਓਮ ਪ੍ਰਕਾਸ਼ ਗੋਇਲ, ਨਾਜ਼ਰ ਸਿੰਘ ਸਿੱਧੂ ਮੁੱਖ ਸਰਪ੍ਰਸਤ, ਦਰਸ਼ਨ ਸਿੰਘ ਆਹੂਜਾ ਮੁੱਖ ਸਲਾਹਕਾਰ, ਸੰਤੋਖ ਸਿੰਘ ਚਾਨਾ ਪ੍ਰਧਾਨ,ਅਜਮੇਰ ਸਿੰਘ ਬਰਾੜ ਸੀਨੀਅਰ ਮੀਤ ਪ੍ਰਧਾਨ, ਰਾਜਿੰਦਰ ਥਾਪਰ ਮੀਤ ਪ੍ਰਧਾਨ, ਪ੍ਰੇਮ ਚਾਵਲਾ ਜਨਰਲ ਸਕੱਤਰ, ਸੁਖਰਾਜ ਸਿੰਘ ਚਾਨਾ ਜੁਆਇੰਟ ਸਕੱਤਰ, ਮਨਦੀਪ ਸਿੰਘ ਸਰਾਂ ਵਿੱਤ ਸਕੱਤਰ, ਹਰਵਿੰਦਰ ਸਿੰਘ ਪੁਰਬਾ ਪ੍ਰੈਸ ਸਕੱਤਰ, ਨਵਦੀਪ ਸਿੰਘ ਚਾਨਾ ਤਕਨੀਕੀ ਸਲਾਹਕਾਰ, ਲਖਵਿੰਦਰ ਸਿੰਘ ਸਿੱਧੂ ਆਰਗੇਨਾਈਜਰ ਸਕੱਤਰ, ਕਾਰਜਕਾਰਨੀ ਕਮੇਟੀ ਮੈਂਬਰ ਲਖਵਿੰਦਰ ਅਰੋੜਾ, ਅਸ਼ੋਕ ਦਾਬੜਾ ਅਤੇ ਰਾਜਿੰਦਰ ਸਿੰਘ ਬਰਾੜ ਨੇ ਪਾਣੀ ਦੀ ਸਪਲਾਈ ਬਹਾਲ ਹੋਣ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ। ਆਗੂਆਂ ਨੇ ਆਸ ਪ੍ਰਗਟ ਕੀਤੀ ਹੈ ਕਿ ਪ੍ਰਮੋਟਰ ਵੱਲੋਂ ਬਾਕੀ ਰਹਿੰਦੇ ਕੰਮ ਵੀ ਜਲਦੀ ਪੂਰੇ ਕਰ ਦਿੱਤੇ ਜਾਣਗੇ। ਇਸ ਮੌਕੇ ਕਲੋਨੀ ਦੇ ਨਵ ਨਿਯੁਕਤ ਸਥਾਨਕ ਮੈਨੇਜਰ ਬਲਜਿੰਦਰ ਸਿੰਘ ਬੱਲੀ ਵੀ ਹਾਜ਼ਰ ਸਨ।

# ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੇ ਹੱਕ 'ਚ ਵੋਟਾਂ ਪਾਉਣਗੇ





**ਤਪਾ ਮੰਡੀ, 10 ਦਸੰਬਰ (ਬੰਟੀ ਦੀਕਸ਼ਿਤ)**: ਸੂਬੇ 'ਚ ਹੋ ਰਹਿਆ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿਚ ਵਿਧਾਨ ਸਭਾ ਹਲਕਾ ਭਦੌੜ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਲਾਭ ਸਿੰਘ ਉਗੋਕੇ ਦੀ ਅਗਵਾਈ ਹੇਠ ਦਿਨ-ਰਾਤ ਇੱਕ ਕਰਕੇ ਹਲਕੇ ਦੀਆਂ ਸਾਰੀਆਂ ਸੀਟਾਂ ਜਿੱਤ ਕੇ ਆਮ ਆਦਮੀ ਪਾਰਟੀ ਦੇ ਸਪਰੀਮੋ ਅਰਵਿੰਦ ਕੇਜਰੀਵਾਲ,ਸੂਬਾ ਪ੍ਰਭਾਰੀ ਮਨੀਸ਼ ਸਿਸੋਦੀਆਂ,ਆਪ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਝੋਲੀ ਵਿਚ ਪਾਵਾਗੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਟਰੱਕ ਯੂਨੀਅਨ ਦੇ ਪ੍ਰਧਾਨ ਜਸਵਿੰਦਰ ਸਿੰਘ ਚੱਠਾ ਅਤੇ ਗੁਰਤੇਜ ਸਿੰਘ ਦਰਾਕਾਂ,ਆਪ ਦੇ ਸੀਨੀਅਰ ਆਗੂ ਮਨੀਸ਼ ਗਰਗ,ਬਲਾਕ ਪ੍ਰਧਾਨ ਬਲਜੀਤ ਸਿੰਘ ਬਾਸੀ,ਕੁਲਵਿੰਦਰ ਸਿੰਘ ਚੱਠਾ, ਕਾਲਾ ਚੱਠਾ ਅਤੇ ਯੁਵਾ ਵਿੰਗ ਦੇ ਬਲਾਕ ਪ੍ਰਧਾਨ ਰਾਜ ਮਾਰਕੰਡਾ ਨੇ ਗੱਲਬਾਤ ਕਰਦਿਆਂ ਕੀਤਾ।ਸਮਾਜਸੇਵੀ ਡਾ.ਬਾਲ ਚੰਦ ਬਾਂਸਲ, ਸਮਾਜਸੇਵੀ ਅਰਵਿੰਦ ਰੰਗੀ 'ਤੇ ਜਿਲ੍ਹਾ ਸ਼ਰਾਫ਼ਾ ਵਿੰਗ ਦੇ ਪ੍ਰਧਾਨ ਸਿਕੰਦਰ ਸਿੰਘ ਸ਼ਰਾਫ਼ ਨੇ ਕਿਹਾ ਕਿ ਆਮ ਆਦਮੀ ਪਾਰਟੀ ਇਨ੍ਹਾਂ ਚੋਣਾਂ ਵਿਚ ਇਤਿਹਾਸਕ ਜਿੱਤ ਦਰਜ ਕਰੇਗੀ। ਸੂਬੇ ਦੇ ਲੋਕ ਆਪ ਪਾਰਟੀ ਦੇ ਹੱਕ 'ਚ ਭੁਗਤਣਗੇ।

# ਕਾਂਗਰਸੀ ਉਮੀਦਵਾਰ ਰਾਜਨ ਕੁਮਾਰ ਨੇ ਕੀਤਾ ਲੱਖੋਵਾਲ ਵਿਖੇ ਘਰ ਘਰ ਪ੍ਰਚਾਰ, ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਦਿੱਤਾ ਭਰਵਾਂ ਹੁੰਗਾਰਾ



**ਮਾਛੀਵਾੜਾ ਸਾਹਿਬ-10 ਦਸੰਬਰ-ਮਾਸਟਰ ਸਤੀਸ਼ ਕੁਮਾਰ** - ਬਲਾਕ ਸੰਮਤੀ ਜੋਨ ਜਾਤੀਵਾਲ ਤੋਂ ਕਾਂਗਰਸ ਪਾਰਟੀ ਦੇ ਨੌਜਵਾਨ ਉਮੀਦਵਾਰ ਰਾਜਨ ਕੁਮਾਰ ਸਾਬਕਾ ਸਰਪੰਚ ਉਧੋਵਾਲ ਕਲਾ ਵੱਲੋਂ ਲੱਖੋਵਾਲ ਵਿਖੇ ਘਰ ਘਰ ਚੋਣ ਪ੍ਰਚਾਰ ਕੀਤਾ ਗਿਆ ਅਤੇ ਕਾਂਗਰਸ ਪਾਰਟੀ ਦੀਆਂ ਨੀਤੀਆਂ ਬਾਰੇ ਵੋਟਰਾਂ ਨਾਲ ਸਾਂਝ ਪਾਈ ਗਈ।ਇਸ ਮੌਕੇ ਉਹਨਾਂ ਨਾਲ ਬਲਾਕ ਪ੍ਰਧਾਨ ਪਰਵਿੰਦਰ ਤਿਵਾੜੀ ਨਹੀਂ ਘਰ ਘਰ ਚੋਣ ਪ੍ਰਚਾਰ ਦੌਰਾਨ ਕਾਂਗਰਸ ਪਾਰਟੀ ਦੀਆਂ ਨੀਤੀਆਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਅਜੋਕੇ ਸਮੇਂ ਤੱਕ ਕੀਤੇ ਗਏ ਪੰਜਾਬ ਦੇ ਵਿਕਾਸ ਕਾਰਜਾਂ ਖਾਸ ਤੌਰ ਤੇ ਬੇਟ ਖੇਤਰ ਵਿੱਚ ਕੀਤੇ ਗਏ ਕੰਮਾਂ ਨੂੰ ਯਾਦ ਕੀਤਾ। ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਪੰਜਗਰਾਈਆਂ ਜੋਨ ਤੋਂ ਪੜ੍ਹੇ ਲਿਖੇ, ਹੋਣਹਾਰ ਅਤੇ ਉੱਦਮੀ ਨੌਜਵਾਨ ਰਾਜਨ ਕੁਮਾਰ ਨੂੰ ਬਲਾਕ ਸੰਮਤੀ ਵਜੋਂ ਚੋਣ ਲੜਾਈ ਗਈ ਹੈ ,ਜਿਨ੍ਹਾਂ ਨੇ ਛੋਟੀ ਉਮਰੇ ਹੀ ਰਾਜਨੀਤੀ ਵਿੱਚ ਵੱਡਾ ਪੈਰ ਧਰਦਿਆਂ ਸਭ ਤੋਂ ਛੋਟੀ ਉਮਰੇ ਉਧੋਵਾਲ ਕਲਾਂ ਦੀ ਸਰਪੰਚੀ ਦੌਰਾਨ ਵਿਕਾਸ ਕਾਰਜ ਨੇਪਰੇ ਚਾੜ੍ਹੇ।ਇਸ ਮੌਕੇ ਲੱਖੋਵਾਲ ਪਿੰਡ ਵਾਸੀਆਂ ਵੱਲੋਂ ਵੱਡੀ ਗਿਣਤੀ ਵਿੱਚ ਉਹਨਾਂ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਉਨਾਂ ਨੂੰ ਵੱਡੀ ਲੀਡ ਨਾਲ ਪਿੰਡ ਵਿੱਚੋਂ ਜਿਤਾਉਣ ਦਾ ਵਾਅਦਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ,ਸਤਪਾਲ ਸ਼ਰਮਾ, ਬਲਾਕ ਮੀਡੀਆ ਇੰਚਾਰਜ ਵਨੀਤ ਕੁਮਾਰ ਝੜੌਦੀ, ਸਾਬਕਾ ਸਰਪੰਚ ਰਹੀਮਾਬਾਦ, ਬਲਵਿੰਦਰ ਸਰਪੰਚ ਝੜੌਦੀ, ਕਾਬਲ ਸਿੰਘ ਸਰਪੰਚ, ਮੇਜਰ ਸਿੰਘ ਟਾਂਡਾ, ਜਗਦੇਵ ਸਿੰਘ ਜੱਗੂ ਸਰਪੰਚ, ਸੁਖਦੀਪ ਸਿੰਘ ਸੋਨੀ ਸਰਪੰਚ, ਜਸਦੇਵ ਸਿੰਘ ਦੇਬਾ, ਦਲਜੀਤ ਸਿੰਘ, ਮਲਕੀਤ ਸਿੰਘ, ਗੁਰਦੀਪ ਸਿੰਘ ,ਤਨਵੀਰ ਸਿੰਘ, ਰਾਕੇਸ਼ ਕੁਮਾਰ ਸਿੰਦੂ, ਸੁਖਵਿੰਦਰ ਸਿੰਘ,ਗੁਰਪ੍ਰੀਤ ਸਿੰਘ, ਹਰਮਨ ਸਿੰਘ, ਕਰਨੈਲ ਸਿੰਘ, ਸੁਖਦੀਪ ਸਿੰਘ, ਕਰਨੈਲ ਸਿੰਘ ਵੀ ਮੌਜੂਦ ਸਨ।

# ਸ਼ਾਕਿਆ ਮਹਾਸਭਾ ਵੱਲੋਂ ਬੋਧੀ ਕਥਾ ਕਰਵਾਉਣ ਨੂੰ ਲੈ ਕੇ ਹੋਈ ਮੀਟਿੰਗ



**ਕੋਟਕਪੂਰਾ, 10 ਦਸੰਬਰ (ਟਿੰਕੂ ਕੁਮਾਰ)** :- ਭਗਵਾਨ ਗੌਤਮ ਬੁੱਧ ਜੀ ਦੇ ਅਹਿੰਸਾ ਦੇ ਮਾਰਗ ਅਤੇ ਸਿੱਖਿਆਵਾਂ 'ਤੇ ਆਧਾਰਿਤ ਇੱਕ ਬੋਧੀ ਕਥਾ ਦਾ ਆਯੋਜਨ ਕੀਤਾ ਜਾ ਰਿਹਾ ਹੈ। ਅਖਿਲ ਭਾਰਤੀ ਸ਼ਾਕਯ ਮਹਾਸਭਾ ਦੇ ਮੈਂਬਰ ਅਤੇ ਇਸ ਸਮਾਗਮ ਦੇ ਮੁੱਖ ਪ੍ਰਬੰਧਕ ਰਾਕੇਸ਼ ਮੌਰਿਆ ਨੇ ਦੱਸਿਆ ਕਿ 16 ਦਸੰਬਰ 2025 ਦਿਨ ਮੰਗਲਵਾਰ ਨੂੰ ਮੋਗਾ ਵਿੱਚ ਇੱਕ ਵਿਸ਼ਾਲ ਬੋਧੀ ਕਥਾ ਦਾ ਆਯੋਜਨ ਕੀਤਾ ਜਾ ਰਿਹਾ ਹੈ। ਕਥਾ ਲਈ ਉੱਤਰ ਪ੍ਰਦੇਸ਼ ਤੋਂ ਭਿਕਸ਼ੂ ਪਹੁੰਚ ਰਹੇ ਹਨ। ਲੰਗਰ, ਚਾਹ ਅਤੇ ਪਾਣੀ ਦਾ ਵੀ ਪੂਰਾ ਪ੍ਰਬੰਧ ਹੋਵੇਗਾ। ਇਸ ਲਈ ਅਸੀਂ ਸਾਰੇ ਬੋਧੀ ਸੰਗਠਨਾਂ ਅਤੇ ਸ਼ਾਕਯ ਮੌਰਿਆ, ਕੁਸ਼ਵਾਹਾ, ਸੈਣੀ ਭਾਈਚਾਰੇ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੰਦੇ ਹਾਂ। ਇਸ ਮੌਕੇ ਹੋਰਨਾ ਤੋਂ ਇਲਾਵਾ ਪ੍ਰਧਾਨ ਬਲਰਾਮ ਸਿੰਘ ਸ਼ਾਕਿਆ, ਮੀਤ ਪ੍ਰਧਾਨ ਅਜੈਬ ਸਿੰਘ, ਅਨਿਲ ਕੁਮਾਰ, ਜੁਗਲ ਕਿਸ਼ੋਰ ਗੁਪਤਾ, ਓਮਕਾਰ ਸਿੰਘ, ਅਸ਼ੋਕ ਕੁਮਾਰ ਸ਼ਾਕਿਆ, ਰਮੇਸ਼ ਚੰਦਰ ਸ਼ਾਕਿਆ, ਸਾਹਿਲ ਸ਼ਾਕਿਆ, ਸ਼ਿਆਮਵੀਰ ਸ਼ਾਕਿਆ ਪ੍ਰਧਾਨ ਬੁੱਧ ਸ਼ਾਕਿਆ ਸੰਮਤੀ ਕੋਟਕਪੂਰਾ, ਸੁਧੀਰ ਕੁਮਾਰ ਕਥੇਰੀਆ, ਬਲਬੀਰ ਸਿੰਘ ਸ਼ਾਕਿਆ, ਈਸ਼ਵਰ ਦਿਆਲ, ਜੈਵੀਰ ਸਿੰਘ, ਮੋਰਪਾਲ ਸਿੰਘ ਸ਼ਾਕਿਆ, ਹੇਜ ਕੁਮਾਰ ਸ਼ਾਕਿਆ, ਹੇਜ ਕੁਮਾਰ ਸ਼ਾਕਿਆ, ਡਾ. ਪ੍ਰੋਗਰਾਮ ਸਬੰਧੀ ਮੀਟਿੰਗ ਵਿੱਚ ਹੋਰ ਵੀ ਹਾਜ਼ਰ ਸਨ।

# ਬੇਲਾ ਕਾਲਜ ਦੀ ਹਾਕੀ ਟੀਮ ਚੌਥੀ ਵਾਰ ਚੈਂਪੀਅਨਸ਼ਿਪ




**ਸ੍ਰੀ ਚਮਕੌਰ ਸਾਹਿਬ, 10 ਦਸੰਬਰ (ਅਮਰਜੀਤ ਸਿੰਘ ਕਲਸੀ)** ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੀ ਲੜਕਿਆਂ ਦੀ ਹਾਕੀ ਟੀਮ ਨੇ ਚੌਥੀ ਵਾਰ ਲਗਾਤਰ ਚੈਂਪੀਅਨਸ਼ਿਪ ਆਪਣੇ ਨਾਮ ਕਰਕੇ ਕਾਲਜ ਦਾ ਨਾਮ ਰੋਸ਼ਨ ਕੀਤਾ ਹੈ। ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਅੰਤਰ-ਕਾਲਜ ਹਾਕੀ ਮੁਕਾਬਲਿਆਂ ਵਿੱਚ ਡੀ.ਏ.ਵੀ. ਕਾਲਜ ਬਠਿੰਡਾ ਵਿਖੇ ਮੁਕਾਬਲੇ ਕਰਵਾਏ ਗਏ। ਕਾਲਜ ਬੇਲਾ ਦੀ ਟੀਮ ਨੇ ਸਾਰੇ ਹੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵੱਡੀਆਂ ਨਾਮੀ ਟੀਮਾਂ ਨੂੰ ਇੱਕ ਵਾਰ ਫੇਰ ਮਾਤ ਦਿੰਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜ਼ਿਕਰਯੋਗ ਹੈ ਕਿ ਇਸ ਸਾਰੇ ਟੂਰਮਾਨੈਂਟ ਵਿੱਚ ਕਾਲਜ ਦੀ ਟੀਮ ਨੇ ਸਾਰੇ ਹੀ ਮੈਚ ਜਿੱਤੇ। ਆਖ਼ਰੀ ਫੈਸਲਾਕੁੰਨ ਮੁਕਾਬਲੇ ਵਿੱਚ ਡੀ.ਏ.ਵੀ. ਕਾਲਜ ਬਠਿੰਡਾ ਦੀ ਟੀਮ ਨੂੰ ਸਿਰੇ ਦੀ ਟੱਕਰ ਦਿੰਦਿਆਂ, ਲਗਾਤਾਰ ਚੌਥੀ ਵਾਰ ਚੈਂਪੀਅਨਸ਼ਿਪ ਆਪਣੇ ਨਾਮ ਕੀਤੀ। ਡਾ ਮਮਤਾ ਅਰੋੜਾ ਨੇ ਦੱਸਿਆ ਕਿ ਉਕਤ ਟੀਮ ਦੇ ਸਮੂਹ ਖਿਡਾਰੀਆਂ ਦਾ ਸੋਨ ਤਮਗਿਆਂ ਨਾਲ ਸਨਮਾਨ ਕੀਤਾ ਗਿਆ। ਕਾਲਜ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ ਨੇ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਦੇ ਬਿਹਤਰੀਨ ਪ੍ਰਦਰਸ਼ਨ ਦੀ ਪ੍ਰਸ਼ੰਸਾ ਕੀਤੀ। ਸਕੱਤਰ ਜਗਵਿੰਦਰ ਸਿੰਘ ਪੰਮੀ ਅਤੇ ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਨੇ ਸਰੀਰਿਕ ਸਿੱਖਿਆ ਵਿਭਾਗ ਦੇ ਮੁਖੀ ਲੈਫਟੀਨੈਂਟ ਪ੍ਰਿਤਪਾਲ ਸਿੰਘ, ਪ੍ਰੋ. ਅਮਰਜੀਤ ਸਿੰਘ ਅਤੇ ਸਮੂਹ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਅਤੇ ਚੰਗੇਰਾ ਪ੍ਰਦਰਸ਼ਨ ਜਾਰੀ ਰੱਖਣ ਦੀ ਨਸੀਹਤ ਦਿੱਤੀ। ਇਸ ਮੌਕੇ ਪ੍ਰੋ. ਸੁਨੀਤਾ ਰਾਣੀ, ਪ੍ਰੋ. ਪਰਮਿੰਦਰ ਕੌਰ, ਪ੍ਰੋ. ਰਮਨਜੀਤ ਕੌਰ ਅਤੇ ਅਤੇ ਪ੍ਰੋ ਗੁਰਲਾਲ ਸਿੰਘ ਆਦਿ ਹਾਜ਼ਰ ਸਨ ।

# ਸਰਬਜੀਤ ਸਿੰਘ ਬਿੱਟੂ ਦੀ ਅੰਤਿਮ ਅਰਦਾਸ ਤੇ ਸ਼ਰਧਾਂਜਲੀਆਂ ਭੇਟ





**ਸ੍ਰੀ ਚਮਕੌਰ ਸਾਹਿਬ 10 ਦਸੰਬਰ (ਅਮਰਜੀਤ ਸਿੰਘ ਕਲਸੀ)** ਭਾਈ ਸੁਖਵੀਰ ਸਿੰਘ ਕੰਧੋਲਾ ਦੇ ਵੱਡੇ ਭਰਾ ਬੜੇ ਹੀ ਮਿੱਠ ਬੋਲੜੇ ਸੁਭਾਅ ਦੇ ਮਾਲਕ, ਮਿਲਣਸਾਰ ਭਾਈ ਸਰਬਜੀਤ ਸਿੰਘ ਬਿੱਟੂ ਪਿਛਲੇ ਦਿਨੀ ਹਾਰਟ ਅਟੈਕ ਨਾਲ ਅਕਾਲ ਚਲਾਣਾ ਕਰ ਗਏ ਹਨ ਉਹ ਅਪਣੇ ਪਿਛੇ ਪਤਨੀ ਸੁਖਵਿੰਦਰ ਕੌਰ, ਪੁੱਤਰ ਗੁਰਸੇਵਕ ਸਿੰਘ ਤੇ ਗੁਰਸ਼ਰਨ ਸਿੰਘ ਅਤੇ ਅਪਣੇ ਭਰਾ ਭਾਈ ਸੁਖਵੀਰ ਸਿੰਘ, ਕੁਲਦੀਪ ਸਿੰਘ ਅਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਛੱਡ ਗਏ। ਉਨਾਂ ਦੀ ਅੰਤਿਮ ਅਰਦਾਸ ਮੌਕੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਦੇਸੀ ਦਵਾਖਾਨਾ ਪਿੰਡ ਕੰਧੋਲਾ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ। ਉਪਰੰਤ ਭਾਈ ਅਕਾਸ਼ਦੀਪ ਸਿੰਘ ਹਜੂਰੀ ਰਾਗੀ ਸ੍ਰੀ ਫਤਿਹਗੜ੍ਹ ਸਾਹਿਬ ਜੀ ਦੇ ਜਥੇ ਨੇ ਵੈਰਾਗਮਈ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਸਰਧਜਲੀ ਸਮਾਗਮ ਦੌਰਾਨ ਸੰਤ ਬਾਬਾ ਭੁਪਿੰਦਰ ਸਿੰਘ ਸੰਗਤਪੁਰ, ਬਾਬਾ ਪਰਮਜੀਤ ਸਿੰਘ ਬੇਪਰਵਾਹ, ਰਾਣਾ ਹਰਿੰਦਰ ਸਿੰਘ ਸੋਢੀ ਚੇਅਰਮੈਨ ਮਾਰਕਫੈੱਡ,, ਸ੍ਰੀ ਚਮਕੌਰ ਸਾਹਿਬ ਮੋਰਚਾ ਦੇ ਖੁਸ਼ਵਿੰਦਰ ਸਿੰਘ ਜੰਡ ਸਾਹਿਬ ਅਤੇ ਸਾਬਕਾ ਐਸਜੀਪੀਸੀ ਮੈਂਬਰ ਹਰਬੰਸ ਸਿੰਘ ਕੰਧੋਲਾ ਤੇ ਹੋਰ ਆਗੂਆ ਨੇ ਸਰਧਾ ਦੇ ਫੁੱਲ ਭੇਟ ਕੀਤੇ। ਇਸ ਸਮਾਗਮ ਵਿੱਚ ਸੰਤ ਬਾਬਾ ਸੁਖਪਾਲ ਸਿੰਘ ਭੈਰੋ ਮਾਜਰਾ,ਬਾਬਾ ਪਰਵਿੰਦਰ ਸਿੰਘ ਸੰਧੂਆਂ, ਬਾਬਾ ਬਹਾਦਰ ਸਿੰਘ ਮਕੜੌਨਾ,ਬਾਬਾ ਪਿਆਰਾ ਸਿੰਘ ਸਿਰਥਲੇ ਵਾਲੇ,ਬਾਬਾ ਗੁਰਮੇਲ ਸਿੰਘ ਮਾਨੇਮਾਜਰਾ,ਬਾਬਾ ਪਰਮਜੀਤ ਸਿੰਘ ਟਿੱਢਾ ਸਾਹਿਬ ਤੋ ਇਲਾਵਾਂ ਇਲਾਕੇ ਦੇ ਪੱਤਰਕਾਰ ਭਾਈਚਾਰਾ,ਧਾਰਮਿਕ, ਰਾਜਨੀਤਕ, ਸਮਾਜਿਕ ਅਤੇ ਵੱਖ ਵੱਖ ਸਖਸ਼ੀਅਤਾਂ ਜਿਨਾਂ ਚ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਸ੍ਰੀ ਚਮਕੌਰ ਸਾਹਿਬ ਤੋ ਮੈਨੇਜਰ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਪੁੱਤਰ ਨਵਨੀਤ ਸਿੰਘ ਨਵੀ, ਅਮਨਦੀਪ ਸਿੰਘ ਮਾਂਗਟ, ਸ਼ਮਸ਼ੇਰ ਸਿੰਘ ਸੇਰਾ,ਭੁਪਿੰਦਰ ਸਿੰਘ ਭੂਰਾ,ਹਰਦੀਪ ਸਿੰਘ ,ਰਾਜਿੰਦਰ ਸਿੰਘ, ਹਰਮਨ ਸਿੰਘ , ਜਸਵਿੰਦਰ ਸਿੰਘ ਜੱਸੂ, ਬਾਬਾ ਦਲੀਪ ਸਿੰਘ, ਦਵਿੰਦਰ ਸਿੰਘ , ਕੁਲਵਿੰਦਰ ਸਿੰਘ ਗਿੱਲ, ਨਰਿੰਦਰ ਕੌਰ , ਜੈਵੀਰ ਸਿੰਘ, ਜਗਦੀਸ਼ ਸਿੰਘ, ਹਰਜੋਤ ਸਿੰਘ, ਜਗਜੀਤ ਸਿੰਘ, ਮਨਮੋਹਨ ਸਿੰਘ ਖੇੜਾ, ਰਵੀ ਮੋਹੀ ਬੀਬੀ ਗੁਰਦੀਪ ਕੌਰ ਕੰਧਲਾ, ਪ੍ਰਿੰਸੀਪਲ ਸਾਰਗ ਸਮਾਰਟ ਸਕੂਲ ਸ੍ਰੀ ਚਮਕੌਰ ਸਾਹਿਬ, ਹਰਜਿੰਦਰ ਸਿੰਘ ਸੋਨਾ ਸੰਧੂਆਂ,ਸ.ਅਮਰਜੀਤ ਸਿੰਘ ਕਲਸੀ ਪ੍ਰਧਾਨ ਬੁਲੰਦ ਪ੍ਰੈੱਸ ਕਲੱਬ ਸ੍ਰੀ ਚਮਕੌਰ ਸਾਹਿਬ, ਨੌਜਵਾਨ ਸਭਾ ਪੰਜਾਬ ਦੇ ਚੇਅਰਮੈਨ ਜਤਿੰਦਰ ਕੁਮਾਰ ਸ਼ਰਮਾ ਹਰਦੀਪ ਸਿੰਘ, ਦੀਪਾ, ਕੁਲਵਿੰਦਰ ਸਿੰਘ ਇਸ ਸਰਬਜੀਤ ਸਿੰਘ ਦੇ ਪੁੱਤਰ ਨੂੰ ਆਏ ਸੰਤ ਮਹਾਂਪੁਰਸ਼ਾਂ ਵੱਲੋ ਦਸਤਾਰਬੰਦੀ ਕੀਤੀ ਗਈ। ਸ੍ਰੀ ਗੁਰੂ ਹਰਿ ਰਾਇ ਸਾਹਿਬ ਦੇਸੀ ਦਵਾਖਾਨਾਂ ਦੇ ਮੁੱਖੀ ਭਾਈ ਸੁਖਵੀਰ ਸਿੰਘ ਨੇ ਆਏ ਸੰਤ ਮਹਾਂਪੁਰਸ਼ਾਂ ,ਰਾਜਨੀਤਕ, ਧਾਰਮਿਕ, ਇਲਾਕੇ ਦੇ ਪੰਚ ਸਰਪੰਚ ਅਤੇ ਪਤਵੰਤੇ ਸੱਜਣਾ ਦਾ ਧੰਨਵਾਦ ਕੀਤਾ ਸਟੇਜ ਦੀ ਭੂਮਿਕਾ ਢਾਡੀ ਮਲਕੀਤ ਸਿੰਘ ਪਪਰਾਲੀ ਨੇ ਨਿਭਾਈ।

**ਅਖ਼ਬਾਰ ਵਿਚ ਛਪੇ ਲੇਖ, ਰਚਨਾਵਾਂ ਲੇਖਕਾਂ ਦੀ ਨਿੱਜੀ ਵਿਚਾਰ ਹਨ। ਮਾਲਵਾ ਬਾਣੀ ਦਾ ਇਸ ਨਾਲ ਕੋਈ ਸੰਬੰਧ ਨਹੀਂ ਹੈ।**

# ਸਟੇਟਸ ਸਿੰਬਲ ਬਣ ਕੇ ਰਹਿ ਗਈਆਂ ਹਨ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਦੀਆਂ ਚੋਣਾਂ

## ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਆਪਣੇ ਅਧਿਕਾਰ ਤੇ ਸ਼ਕਤੀਆਂ ਵਾਰੇ ਕਿੰਨੇ ਕੁ ਹਨ ਜਾਣੂ ?

ਦੇਸ਼ ਚ ਲੋਕ ਤੰਤਰ ਦੇ ਮੁੱਖ ਥੰਮ ਪੰਚਾਇਤੀ, ਬਕਾਲ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਹੀ ਮੁੱਖ ਮੰਨੀਆਂ ਜਾਂਦੀਆਂ ਹਨ ਕਿਉਕਿ ਸਰਪੰਚ ਦੀਆਂ ਮੰਗਾਂ ਨੂੰ ਮੁੱਖ ਕੇ ਬਲਾਕ ਸੰਮਤੀ ਮੈਂਬਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹੀ ਪਿੰਡਾਂ ਦੇ ਵਿਕਾਸ ਕਾਰਜਾਂ ਦੀਆਂ ਯੋਜਨਾਵਾਂ ਕੇ ਓਹਨਾ ਲਈ ਲੋੜੀਂਦੀਆਂ ਗ੍ਰਾਂਟਾਂ ਜਾਰੀ ਕਰਦੇ ਹਨ।

ਪੰਚਾਇਤ ਸੰਮਤੀ ਜਾਂ ਬਲਾਕ ਪੰਚਾਇਤ ਭਾਰਤ ਵਿੱਚ ਵਿਚਕਾਰਲੀ ਤਹਿਸੀਲ, ਬਲਾਕ ਪੱਧਰ 'ਤੇ ਇੱਕ ਪੇਂਡੂ ਸਥਾਨਕ ਸਰਕਾਰ (ਪੰਚਾਇਤ) ਸੰਸਥਾ ਹੈ। ਇਹ ਤਹਿਸੀਲ ਦੇ ਪਿੰਡਾਂ ਲਈ ਕੰਮ ਕਰਦਾ ਹੈ ਜਿਨ੍ਹਾਂ ਨੂੰ ਮਿਲ ਕੇ ਵਿਕਾਸ ਬਲਾਕ ਕਿਹਾ ਜਾਂਦਾ ਹੈ। ਇਸ ਨੂੰ ਪੰਚਾਇਤਾਂ ਦੀ ਪੰਚਾਇਤ ਵੀ ਕਿਹਾ ਗਿਆ ਹੈ।

73ਵੀਂ ਸੋਧ ਪੰਚਾਇਤੀ ਰਾਜ ਸੰਸਥਾ ਦੇ ਪੱਧਰਾਂ ਨੂੰ ਇਸ ਤਰ੍ਹਾਂ ਪਰਿਭਾਸ਼ਤ ਕਰਦੀ ਹੈ

ਜ਼ਿਲ੍ਹਾ ਪੱਧਰ

ਵਿਚਕਾਰਲਾ ਪੱਧਰ

ਆਧਾਰ ਪੱਧਰ

ਪੰਚਾਇਤ ਸੰਮਤੀ ਗ੍ਰਾਮ ਪੰਚਾਇਤ (ਪਿੰਡ ਪਰਿਸ਼ਦ) ਅਤੇ ਜ਼ਿਲ੍ਹਾ ਪ੍ਰੀਸ਼ਦ ਵਿਚਕਾਰ ਕੜੀ ਹੈ। ਰਾਜਾਂ ਵਿੱਚ ਨਾਮ ਵੱਖੋ-ਵੱਖਰੇ ਹਨ: ਆਂਧਰਾ ਪ੍ਰਦੇਸ਼ ਵਿੱਚ ਮੰਡਲ ਪ੍ਰੀਸ਼ਦ, ਗੁਜਰਾਤ ਵਿੱਚ ਤਾਲੁਕਾ ਪੰਚਾਇਤ, ਅਤੇ ਕਰਨਾਟਕ ਵਿੱਚ ਮੰਡਲ ਪੰਚਾਇਤ ਜਾਂ ਤਾਲੁਕ ਪੰਚਾਇਤ, ਕੇਰਲਾ ਵਿੱਚ ਬਲਾਕ ਪੰਚਾਇਤ, ਤਾਮਿਲਨਾਡੂ ਵਿੱਚ ਪੰਚਾਇਤ ਯੂਨੀਅਨ, ਮੱਧ ਪ੍ਰਦੇਸ਼ ਵਿੱਚ ਜਨਪਦ ਪੰਚਾਇਤ, ਅਸਾਮ ਵਿੱਚ ਆਂਚਲਿਕ ਪੰਚਾਇਤ।

ਬਲਾਕ ਸੰਮਤੀ ਦੀ ਚੋਣ ਪਿੰਡਾਂ ਦੇ ਜੋਨ ਬਣਾ ਕੇ ਕਰਵਾਈ ਜਾਂਦੀ ਹੈ। ਕਈ ਜੋਨਾਂ ਵਿਚ ਪਿੰਡਾਂ ਦੀ ਗਿਣਤੀ ਤਿੰਨ ਜਾਂ ਇਸ ਤੋਂ ਵੱਧ ਵੀ ਹੋ ਸਕਦੀ ਹੈ। ਸੰਮਤੀ ਦੇ 15 ਤੋਂ ਮੈਂਬਰ 17 ਮੈਂਬਰ ਬਣ ਸਕਦੇ ਹਨ। ਜਦੋਂ ਸੰਮਤੀ ਬਣ ਜਾਂਦੀ ਹੈ ਤੇ ਉਸ ਨੂੰ ਪੰਚਾਇਤ ਸੰਮਤੀ ਕਿਹਾ ਜਾਂਦਾ ਹੈ। ਸੰਮਤੀ ਬਣਨ ਤੋਂ ਬਾਅਦ ਇਕ ਚੇਅਰਮੈਨ ਚੁਣਿਆ ਜਾਂਦਾ ਹੈ। ਚੇਅਰਮੈਨ ਵੱਲੋਂ ਤੈਅ ਕਰਨਾ ਹੁੰਦਾ ਹੈ ਕਿ ਜ਼ਿਲ੍ਹਾ ਪਰੀਸ਼ਦ ਅਤੇ ਜ਼ਿਲ੍ਹਾ ਯੋਜਨਾ ਬੋਰਡ ਆਏ ਪੈਸੇ ਦੀ ਵਰਤੋਂ ਕਿਵੇਂ ਅਤੇ ਕਿੱਥੇ ਕਰਨੀ ਹੈ। ਬੀਡੀਪੀਓ ਦਾ ਕੰਮ ਬਲਾਕ ਸੰਮਤੀ ਅਤੇ ਚੇਅਰਮੈਨ ਦੇ ਕੰਮ ਦਾ ਹਿਸਾਬ ਕਿਤਾਬ ਰੱਖਣਾ ਹੁੰਦਾ ਹੈ।

ਜ਼ਿਲ੍ਹਾ ਪੰਚਾਇਤ ਜਾਂ ਜ਼ਿਲ੍ਹਾ ਵਿਕਾਸ ਕੌਂਸਲ ਜਾਂ ਜ਼ਿਲ੍ਹਾ ਪ੍ਰੀਸ਼ਦ ਜਾਂ ਪੰਚਾਇਤੀ ਰਾਜ ਪ੍ਰਣਾਲੀ ਦਾ ਤੀਜਾ ਦਰਜਾ ਹੈ ਅਤੇ ਸਾਰੇ ਰਾਜਾਂ ਵਿੱਚ ਜ਼ਿਲ੍ਹਾ ਪੱਧਰ 'ਤੇ ਕੰਮ ਕਰਦਾ ਹੈ। ਜ਼ਿਲ੍ਹਾ ਪ੍ਰੀਸ਼ਦ ਇੱਕ ਚੁਣੀ ਹੋਈ ਸੰਸਥਾ ਹੈ ਜੋ ਇੱਕ ਜ਼ਿਲ੍ਹੇ ਦੇ ਸਮੁੱਚੇ ਪੇਂਡੂ ਖੇਤਰ ਦੀ ਨੁਮਾਇੰਦਗੀ ਕਰਦੀ ਹੈ। ਇੱਕ ਜ਼ਿਲ੍ਹਾ ਪੰਚਾਇਤ ਦੀ ਅਗਵਾਈ ਇੱਕ ਪ੍ਰਧਾਨ ਕਰਦਾ ਹੈ, ਜੋ ਇੱਕ ਚੁਣਿਆ ਹੋਇਆ ਮੈਂਬਰ ਹੁੰਦਾ ਹੈ। ਬਲਾਕ ਪੰਚਾਇਤ ਦੇ ਬਲਾਕ ਪ੍ਰਧਾਨ ਵੀ ਜ਼ਿਲ੍ਹਾ ਪ੍ਰੀਸ਼ਦ ਵਿੱਚ ਨੁਮਾਇੰਦਗੀ ਕਰਦੇ ਹਨ। ਰਾਜ ਵਿਧਾਨ ਸਭਾ ਦੇ ਮੈਂਬਰ ਅਤੇ ਭਾਰਤ ਦੀ ਸੰਸਦ ਦੇ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਹਨ। ਜ਼ਿਲ੍ਹਾ ਪ੍ਰੀਸ਼ਦ ਰਾਜ ਸਰਕਾਰ ਅਤੇ ਪਿੰਡ ਪੱਧਰੀ ਗ੍ਰਾਮ ਪੰਚਾਇਤ ਵਿਚਕਾਰ ਕੜੀ ਵਜੋਂ ਕੰਮ ਕਰਦੀ ਹੈ।

ਜ਼ਿਲ੍ਹਾ ਪ੍ਰੀਸ਼ਦ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਸਿਖਰ ਜਾਂ ਜ਼ਿਲ੍ਹਾ ਪੱਧਰ 'ਤੇ ਪੰਚਾਇਤਾਂ ਹਨ, ਅਤੇ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਗ੍ਰਾਮ ਪੰਚਾਇਤ ਪਿੰਡ ਪੱਧਰ 'ਤੇ ਅਧਾਰ ਇਕਾਈ ਹੈ।

**ਪੰਚਾਇਤ ਬਲਾਕ ਸੰਮਤੀ ਦੇ ਮੁੱਖ ਕੰਮ ਅਤੇ ਕਰਤੱਵ ( ਧਾਰਾ 119)**

ਪਿੰਡਾ ਦੀਆਂ ਸੜਕਾਂ ਦੀ ਦੇਖ ਰੇਖ ਤੇ ਨਵੀਆਂ ਸੜਕਾਂ ਦੀਆਂ ਯੋਜਨਾਵਾਂ ਨੂੰ ਸਰਕਾਰ ਨੂੰ ਜਾਣੂ ਕਰਵਾਉਣਾ।

ਗਰੀਬ ਪਰਿਵਾਰਾਂ ਲਈ ਆਮਦਨ ਦੇ ਸਾਧਨ ਉਪਲਬਦ ਕਰਵਾਉਣਾ

ਆਗਣਵਾੜੀ ਚ ਸ਼ਮੇ ਸ਼ਮੇ ਸਿਰ ਸਹੂਲਤਾਂ ਉਪਲਬਧ ਕਰਵਾਉਣਾ

ਗਰੀਬ ਵਰਗ ਲਈ ਸਰਕਾਰੀ ਸਹੂਲਤਾਂ ਉਪਲਬਧ ਕਰਵਾਉਣਾ

ਪਿੰਡਾ ਦੇ ਸਕੂਲਾਂ ਚ ਸੁਧਾਰ ਕਰਨ ਦੀਆਂ ਯੋਜਨਾਵਾਂ ਸਰਕਾਰ ਨੂੰ ਜਾਣੂ ਕਰਵਾਉਣਾ

ਪਿੰਡਾ ਚ ਮੈਡੀਕਲ ਸਹੂਲਤਾਂ ਉਪਲਬਧ ਕਰਵਾਉਣਾ

ਕਿਸਾਨਾਂ ਲਈ ਸੁਧਰੇ ਹੋਏ ਬੀਜਾਂ ਦੀ ਮਾਤਰਾ ਨੂੰ ਉਪਲਭਦ ਕਰਵਾਉਣਾ

ਕਿਸਾਨਾਂ ਨੂੰ ਖਾਦਾਂ ਦੀ ਵੰਡ

ਨਵੀਆਂ ਤਕਨੀਕਾਂ, ਖਾਦਾਂ ਅਤੇ ਕਿਸਾਨੀ ਉਪਕਰਣਾਂ ਨੂੰ ਉਪਲਭਦ ਕਰਵਾਉਣਾ ਤੇ ਜ਼ਮੀਨੀ ਪੱਧਰ ਤੇ ਲਾਗੂ ਕਰਨਾ

ਹਰੀ ਖਾਦ ਅਤੇ ਰੂੜੀ ਖਾਦ ਦੀ ਨਿਰਭਰਤਾ ਨੂੰ ਪ੍ਰੋਤਸਾਹਿਤ ਕਰਨਾ

ਫਲ ਅਤੇ ਸਬਜੀਆਂ ਦੀ ਕਾਸ਼ਤ ਨੂੰ ਉਤਸ਼ਾਵਹਤ ਕਰਨਾ

ਭੂਮੀ ਅਤੇ ਦਲਦਲਾਂ ਦੀ ਸਿੰਚਾਈ ਅਤੇ ਮਿੱਟੀ ਦੀ ਸੰਭਾਲ

ਖੇਤੀਬਾੜੀ ਮੰਤਵਾ ਲਈ ਕਰਜਿਆ ਦਾ ਪਰਬੰਧ

ਖੇਤੀਬਾੜੀ ਮੰਤਵਾਂ ਲਈ ਨਾਰੀ ਸ਼ਕਤੀ ਸ਼ਕਤੀ ਦੀ ਵਰਤੋਂ ਕਰਨਾ

ਰੁਖ ਲਾਉਣਾ

ਪੰਚਾਇਤੀ ਜ਼ਮੀਨ ਚ ਜੰਗਲ ਲਗਾਉਣਾ

ਭੂਮੀ ਸੁਧਾਰ ਤੇ ਸੰਭਾਲ ਪਰੋਗਰਾਮਾਂ ਨੂੰ ਲਾਗੂ ਕਰਨ ਦੀਆਂ ਯੋਜਨਾਵਾਂ ਬਣਾਉਣਾ

ਸਰਕਾਰ ਅਤੇ ਵ ਲਾ ਪਰੀਸ਼ਦ ਦੀ ਸਹਾਇਤਾ ਕਰਨਾ.

ਛੋਟੇ ਖੇਤਾਂ ਲਈ ਸਿਚਾਈ ਸਾਧਨ, ਪਾਣੀ ਉਪਲਬਦ ਕਰਵਾਉਣਾ

ਉਸਾਰੀ ਅਧੀਨ ਆਓਣ ਵਾਲੇ ਵਿਅਕਤੀਆਂ ਨੂੰ ਮੈਡੀਕਲ ਸਹੂਲਤਾਂ ਉਪਲਬਧ ਕਰਵਾਉਣਾ।

ਸਾਂਝੇ ਅਤੇ ਵਿਅਕਤੀਗਤ ਸੰਚਾਈ ਦੇ ਕੰਮ ਨੂੰ ਲਾਗ ਕਰਨਾ;

ਗਰੀਬੀ ਹਟਾਉਣਾ ਪਰੋਗਰਾਮ - ਗਰੀਬੀ ਹਟਾਉ ਪਰੋਗਰਾਮਾਂ ਅਤੇ ਸਕੀਮਾਂ ਦੀ ਯੋਜਨਾਬੰਦੀ ਅਤੇ ਅਮਲ;

ਪਸ਼ ਪਾਲਣ, ਡੇਅਰੀ ਅਤੇ ਪੋਲਟਰੀ : -

ਪਸ਼ੂਆਂ ਦੇ ਪਾਲਣ ਦੇ ਸਾਧਨਾਂ ਲਈ ਧਨ ਮੁਹਾਈਆ ਕਰਵਾਉਣਾ

ਪਸ਼ੂਆਂ, ਪੋਲਟਰੀ ਅਤੇ ਹੋਰ ਜਾਨਵਰਾਂ ਦੀ ਨਸਲ ਦੇ ਸੁਧਾਰ ਲਈ ਉਪਰਾਲੇ ਕਰਨਾ

ਡੇਅਰੀ, ਖੇਤੀ, ਪੋਲਟਰੀ ਅਤੇ ਸੂਰ ਪਾਲਣ ਵਪਾਰ ਨੂੰ ਉਤਸਾਹਤ ਕਰਨਾ

ਮਹਾਂਮਾਰੀਆਂ ਅਤੇ ਛੂਤ ਦੀਆਂ ਬੀਮਾਰੀਆਂ ਦੀ ਰੋਕਥਾਮ

ਮੱਛੀ ਪਾਲਣ ਦੇ ਵਿਕਾਸ ਨੂੰ ਉਤਸ਼ਾਹਤ ਕਰਨਾ

ਖਾਦੀ ਵਪਾਰ ਅਤੇ ਘਰੇਲ ਸਨਅਤਾਂ ਨੂੰ ਉਤਸਾਹਤ ਕਰਨਾ

ਪੇਂਡ ਅਤੇ ਘਰੇਲ ਸਨਅਤਾਂ ਨੂੰ ਉਤਸਾਹਤ ਕਰਨਾ

73ਵੀਂ ਸੋਧ ਸਰਕਾਰਾਂ ਬਾਰੇ ਹੈ (ਜਿਨ੍ਹਾਂ ਨੂੰ ਪੰਚਾਇਤੀ ਰਾਜ ਸੰਸਥਾਵਾਂ ਵੀ ਕਿਹਾ ਜਾਂਦਾ ਹੈ।

ਜ਼ਿਲ੍ਹਾ (ਜਾਂ ਸਿਖਰ) ਪੱਧਰ 'ਤੇ ਪੰਚਾਇਤ

ਵਿਚਕਾਰਲੇ ਪੱਧਰ 'ਤੇ ਪੰਚਾਇਤ

ਅਧਾਰ ਪੱਧਰ 'ਤੇ ਪੰਚਾਇਤ

ਅੱਜ ਪੰਜਾਬ ਚ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਦਾ ਬਿਗੁਲ ਵਜ ਚੁੱਕਾ ਹੈ 14 ਦਸੰਬਰ ਨੂੰ ਪੰਜਾਬ ਦੇ ਲੋਕ ਪੰਜਾਬ ਦਾ ਭਵਿਖ ਤੈਅ ਕਰਨ ਚ ਅਪਨਾ ਯੋਗਦਾਨ ਪਾਉਣਗੇ। ਪਰ ਸੋਚਣ ਵਾਲੀ ਗੱਲ ਹੈ ਕਿ ਪੰਜਾਬ ਦੇ ਬਲਾਕ ਸੰਮਤੀ ਤੇ ਜਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਚ ਖੜਨ ਵਾਲੇ ਕਿੰਨੇ ਕਿ ਉਮੀਦਵਾਰ ਹਨ ਜਾਣੂ ਹਨ ਆਪਣੇ ਅਧਿਕਾਰਾਂ ਤੇ ਸ਼ਕਤੀਆਂ ਵਾਰੇ ?

ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲੜਨ ਵਾਲੇ 90% ਉਮੀਦਵਾਰਾਂ ਸਿਰਫ ਚੌਧਰਾਂ ਕਰਕੇ ਲੜਦੇ ਨੇ ਚੋਣਾਂ

ਅੱਜ ਪੰਜਾਬ ਵਿੱਚ ਹਜ਼ਾਰਾਂ ਲੋਕ ਬੋਲ ਰਹੇ ਨੇ:

"ਮੈਂ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਣਾਂਗਾ, ਮੈ ਜਿਲ੍ਹਾ ਪ੍ਰੀਸ਼ਦ ਚੈਅਰਮੈਨ ਬਣਾਂਗਾ।

"ਮੈਂ ਬਲਾਕ ਸੰਮਤੀ ਮੈਂਬਰ, ਮੈ ਬਲਾਕ ਸੰਮਤੀ ਚੇਅਰਮੈਨ ਬਣਾਂਗਾ!"

ਪਰ ਜੇ ਤੁਸੀਂ ਉਨ੍ਹਾਂ ਵਿੱਚੋਂ ਕਿਸੇ ਨੂੰ ਪੁੱਛ ਲਵੋ:

"ਅਗਰ ਜੇ ਜਿੱਤ ਗਏ ਤਾਂ ਕੀ ਕੰਮ ਕਰੋਗੇ ?"

ਤਾਂ 90% ਦਾ ਜਵਾਬ ਹੋਵੇਗਾ:

"ਬੱਸ... ਪਿੰਡ ਦੇ ਰੋਡ ਬਣਵਾਵਾਂਗੇ, ਪਾਣੀ ਦੀ ਸਮੱਸਿਆ ਹੱਲ ਕਰਾਂਗੇ, ਬਿਜਲੀ ਠੀਕ ਕਰਾਵਾਂਗੇ "

ਪਰ ਇਹ ਸਾਰੇ ਕੰਮ ਪੰਚਾਇਤ ਦੇ ਹੁੰਦੇ ਨੇ!

ਤੁਸੀਂ ਜਿਸ ਚੋਣ ਲੜ ਰਹੇ ਓ, ਉਸ ਵਿੱਚ ਇਹ ਕੰਮ ਕਰਨ ਦਾ ਹੱਕ ਹੀ ਨਹੀਂ ਆ! ਤਾਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਮੈਂਬਰ ਦਾ ਅਸਲ ਕੰਮ ਕੀ ਆ ?

ਅੱਜ ਅਸੀਂ ਪੰਜਾਬ ਦੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਤੇ ਬਲਾਕ ਸੰਮਤੀ ਮੈਂਬਰ ਦੇ ਅਧਿਕਾਰਾਂ ਤੇ ਸ਼ਕਤੀਆਂ ਵਾਰੇ ਚਾਨਣਾ ਪਾਉਣ ਦੀ ਕੋਸ਼ਿਸ਼ ਕਰਾਂਗੇ।

**1. ਜ਼ਿਲ੍ਹਾ ਪ੍ਰੀਸ਼ਦ ਮੈਂਬਰ**

- ਜ਼ਿਲ੍ਹੇ ਦੇ ਸਾਲਾਨਾ ਬਜਟ ਨੂੰ ਪਾਸ ਕਰਦੇ ਨੇ ਹਰ ਸਾਲ ਲਗਭਗ 400-800 ਕਰੋੜ ਰੁਪਏ।
- ਪਿੰਡਾਂ ਵਿੱਚ ਬਣਨ ਵਾਲੀਆਂ ਸੜਕਾਂ, ਸਕੂਲਾਂ, ਹਸਪਤਾਲਾਂ, ਪਾਣੀ ਦੀਆਂ ਸਕੀਮਾਂ ਦੀ ਪਹਿਲ ਤੈਅ ਕਰਦੇ ਨੇ
- **ਐਮਪੀ / ਐਮਐਲਏ ਫੰਡ ਨਾਲੋਂ ਵੱਡੇ ਫੰਡਾਂ ਦਾ ਮਾਲਕ ਹੁੰਦੇ ਨੇ ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਦੀ ਕਮੇਟੀ।**

**2. ਬਲਾਕ ਸੰਮਤੀ ਮੈਂਬਰ**

- ਬੀ ਦੀ ਪੀ ਓ ਦਫਤਰ ਦੇ ਅਧੀਨ ਆਓਂਦੇ ਪਿੰਡਾ ਦੀਆਂ ਪੰਚਾਇਤੀ ਜਮੀਨਾਂ ਦੇ ਠੇਕੇ ਦੀ ਕਮਾਈ ਬਲਾਕ ਸੰਮਤੀ ਦੀ ਆਮਦਨ ਦਾ ਮੁੱਖ ਸਾਧਨ ਹੁੰਦੀਂ ਹੈ। ਏਸੇ ਕਮਾਈ ਨੂੰ ਮੁੱਖ ਰੱਖ ਕੇ ਬਲਾਕ ਪੱਧਰ ਤੇ ਪੈਸੇ ਵੰਡਦੇ ਨੇ
- ਪਿੰਡਾਂ ਦੀਆਂ ਸਕੀਮਾਂ ਦੀ ਲਿਸਟ ਬਣਾਉਂਦੇ ਨੇ
- ਬੀਡੀਪੀਓ ਦੇ ਕੰਮ ਦੀ ਨਿਗਰਾਨੀ ਕਰਦੇ ਨੇ
- ਚੇਅਰਮੈਨ ਬਣੇ ਤਾਂ ਪੂਰੇ ਬਲਾਕ ਦੇ ਵਿਕਾਸ ਦਾ ਮਾਲਕ ਬਣ ਜਾਂਦੇ ਨੇ

**ਯਾਨੀ**

ਜੇਕਰ ਤੁਹਾਡੇ ਪਿੰਡ ਵਿੱਚ ਸੜਕ ਨਹੀਂ ਬਣ ਰਹੀ, ਪਾਣੀ ਨਹੀਂ ਆ ਰਿਹਾ ਤਾਂ ਸਿੱਧਾ ਜ਼ਿੰਮੇਵਾਰ ਜ਼ਿਲ੍ਹਾ ਪ੍ਰੀਸ਼ਦ + ਬਲਾਕ ਸੰਮਤੀ ਮੈਂਬਰ ਹੁੰਦੇ ਨੇ, ਸਰਪੰਚ ਨਹੀਂ!

ਪਰ ਅੱਜ ਜਿਹੜੇ ਚੋਣਾਂ ਲੜ ਰਹੇ ਨੇ, ਉਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਇਹ ਵੀ ਨਹੀਂ ਪਤਾ ਕਿ ਉਹ ਕਿਹੜੇ ਫੰਡ ਦਾ ਮਾਲਕ ਬਣਨ ਜਾ ਰਹੇ ਨੇ। ਬੱਸ ਲੜਾਈ ਇਹ ਆ ਕਿ "ਪਿੰਡ ਵਿੱਚ ਮੇਰਾ ਨਾਂ ਹੋ ਜਾਵੇ ਮੈਨੂੰ ਬਲਾਕ ਸੰਮਤੀ, ਜਿਲਾਂ ਪ੍ਰੀਸ਼ਦ ਦੀ ਚੇਅਰਮੈਨੀ ਮਿਲ ਜਾਵੇ, ।

ਅਸੀਂ ਵੋਟ ਪਾ ਕੇ ਅਜਿਹੇ ਲੋਕਾਂ ਨੂੰ ਬਿਠਾਉਂਦੇ ਆ, ਜਿਹੜੇ ਬੈਠ ਕੇ ਵੀ ਕੁਝ ਨਹੀਂ ਕਰਦੇ ਕਿਓਕਿ ਓਹਨਾ ਨੂ ਆਪਣੀਆਂ ਜਿੰਮੇਵਾਰੀਆਂ ਤੇ ਆਪਣੀ ਕੁਰਸੀ ਦੀ ਪਾਵਰ ਵਾਰੇ ਪਤਾ ਹੀ ਨਹੀਂ ਹੁੰਦਾ, ਜਦੋਂ ਇਹ ਤੋਂ ਪਿੰਡਾ ਦੇ ਵਿਕਾਸ ਕਾਰਜ ਨਹੀਂ ਹੁੰਦੇ ਪਰ ਅਸ਼ੀ ਆਪਣੇ ਆਪ ਨੂੰ ਕੋਸਣ ਲੱਗ ਜਾਂਦੇ ਹਾਂ ਕਿ ਕਿਸ ਵਿਅਕਤੀ ਨੂੰ ਚੁਣਿਆ ਹੈ ਫਿਰ 5 ਸਾਲ ਰੋਂਦੇ ਹੀ ਰਹਿੰਦੇ ਆ।

**ਇਸ ਵਾਰ ਤੁਹਾਡੇ ਲਈ:**

ਜਿਹੜਾ ਬੰਦਾ ਆਪਣੇ ਅਹੁਦੇ ਦਾ ਕੰਮ ਵੀ ਨਹੀਂ ਜਾਣਦਾ

ਉਹ ਤੁਹਾਡੇ ਪਿੰਡ ਦਾ ਵਿਕਾਸ ਕਿਵੇਂ ਕਰੂਗਾ ?

ਇਸ ਵਾਰ ਵੋਟ ਪਾਉਣ ਤੋਂ ਪਹਿਲਾਂ ਉਮੀਦਵਾਰ ਨੂੰ ਪੁੱਛੋ:

"ਭਾਜੀ, ਜ਼ਿਲ੍ਹਾ ਪ੍ਰੀਸ਼ਦ / ਬਲਾਕ ਸੰਮਤੀ ਦਾ ਸਾਲਾਨਾ ਬਜਟ ਕਿੰਨਾ ਹੁੰਦਾ ਆ, ਵਿਕਾਸ ਕਾਰਜਾਂ ਲਈ ਬਲਾਕ ਸੰਮਤੀ ਤੇ ਜਿਲ੍ਹਾ ਪ੍ਰੀਸ਼ਦ ਦੀ ਕਮਾਈ ਦਾ ਸਾਧਨ ਕੀ ਹੁੰਦਾ ਹੈ ?"

ਜਾਗੋ ਪੰਜਾਬ ਵਾਲਿਓ

ਕਿਓਕਿ ਥੋਡੀ ਵੋਟ ਬਹੁਤ ਕੀਮਤੀ ਆ, ਸਹੀ ਉਮੀਦਵਾਰਾਂ ਦੀ ਚੋਣ ਕਰਕੇ ਪੰਜਾਬ ਦੀ ਤਰੱਕੀ ਲਈ ਆਪਣਾ ਯੋਗਦਾਨ ਪਾਉਣ ਚ ਅੱਗੇ ਆਉ, ਅਪਨੀ ਵੋਟ ਦੀ ਕੀਮਤ ਪਹਿਚਾਨੋ, ਇਸ ਨੂੰ ਗਲਤ ਹੱਥਾਂ ਵਿੱਚ ਨਾ ਪਾਓ। ਤੁਹਾਡਾ ਲਿਆ ਗਿਆ ਫੈਸਲਾ ਪੰਜਾਬ ਦੇ ਭਵਿੱਖ ਨੂੰ ਤਹਿ ਕਰੇਗਾ।

ਜਾਗੋ ਪੰਜਾਬੀਓ ਜਾਗੋ। ਵੋਟ ਹੋ ਲੋਕ ਤੰਤਰ ਦੀ ਅਸਲ ਤਾਕਤ ਹੈ । ਅਪਨੀ ਤਾਕਤ ਪਹਿਚਾਨੋ।



**ਭਗਵੰਤ ਸਿੰਘ ਮੱਲ੍ਹੀ**
**ਸਾਬਕਾ ਚੇਅਰਮੈਨ**
**ਸਰਪੰਚ**
**ਐਸੋਈਸ਼ੇਸ਼ਨ**
**ਦੋਰਾਹਾ।**
**9814409793**

# ਐੱਸ ਐੱਸ ਡੀ ਸਰਕਾਰੀ ਸਕੂਲ ਮਾਛੀਵਾੜਾ ਦੀ ਚਰਨਕੰਵਲ ਕੌਰ ਨੇ ਬਲਾਕ ਪੱਧਰੀ ਕਰਾਟੇ ਚੈਂਪੀਅਨਸ਼ਿਪ ਜਿੱਤੀ



**ਮਾਛੀਵਾੜਾ ਸਾਹਿਬ 10 ਦਸੰਬਰ (ਮਾਸਟਰ ਸਤੀਸ਼ ਕੁਮਾਰ)** ਸਕੂਲੀ ਵਿਦਿਆਰਥਣਾਂ ਵਿੱਚ ਆਤਮ ਬਲ ਅਤੇ ਆਤਮ ਸੁਰੱਖਿਆ ਪੈਦਾ ਕਰਨ ਹਿਤ ਸਿੱਖਿਆ ਵਿਭਾਗ ਪੰਜਾਬ ਵੱਲੋਂ ਚਲਾਏ ਜਾ ਰਹੇ ਰਾਣੀ ਲਕਸ਼ਮੀ ਬਾਈ ਕਰਾਟੇ ਸਿਖਲਾਈ ਦੇ ਅੰਤਰਗਤ ਅੱਜ ਇਥੋਂ ਦੇ ਸਰਕਾਰੀ ਕੰਨਿਆ ਸਕੂਲ ਵਿੱਚ ਹੋਏ ਬਲਾਕ ਪੱਧਰੀ ਕਰਾਟੇ ਚੈਂਪੀਅਨਸ਼ਿਪ ਵਿੱਚ ਸ਼੍ਰੀ ਸ਼ੰਕਰ ਦਾਸ ਸਰਕਾਰੀ ਸਕੂਲ ਮਾਛੀਵਾੜਾ ਦੀ ਵਿਦਿਆਰਥਣ ਚਰਨ ਕੰਵਲ ਕੌਰ ਨੇ ਇਹ ਚੈਂਪੀਅਨਸ਼ਿਪ ਆਪਣੇ ਨਾਮ ਕਰਵਾਈ ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਦੱਸਿਆ ਕਿ ਬਲਾਕ ਪੱਧਰੀ ਕਰਾਟੇ ਮੁਕਾਬਲਿਆਂ ਵਿੱਚ ਲਗਭਗ 10 ਸਕੂਲ ਦੀਆਂ ਟੀਮਾਂ ਨੇ ਭਾਗ ਲਿਆ ਅਤੇ ਇਸ ਸਕੂਲ ਦੇ ਵਿਦਿਆਰਥਣ ਚਰਨ ਕਮਲ ਕੌਰ ਨੇ 50 ਕਿਲੋ ਭਾਰ ਵਰਗ ਦੇ ਤਹਿਤ ਪਹਿਲਾ ਸਥਾਨ ਹਾਸਲ ਕਰਕੇ ਜ਼ਿਲਾ ਪੱਧਰੀ ਕਰਾਟੇ ਚੈਂਪੀਅਨਸ਼ਿਪ ਲਈ ਆਪਣਾ ਰਾਹ ਪੱਧਰਾ ਕੀਤਾ। ਸਕੂਲ ਦੇ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਵਿਦਿਆਰਥਣ ਨੂੰ ਸਨਮਾਨਿਤ ਕਰਦਿਆਂ ਸਮੂਹ ਸਟਾਫ ਨੂੰ ਮੁਬਾਰਕਬਾਦ ਦਿੱਤੀ ਇਸ ਦੇ ਨਾਲ ਹੀ ਸਕੂਲ ਦੇ ਡੀ ਪੀ ਈ ਸੰਦੀਪ ਸਿੰਘ ਅਤੇ ਕਰਾਟੇ ਇੰਚਾਰਜ ਮੀਨਾਕਸ਼ੀ ਸ਼ਰਮਾ ਦਾ ਵਿਸ਼ੇਸ਼ ਧੰਨਵਾਦ ਕੀਤਾ।

# ਵਿਧਾਇਕ ਲਾਡੀ ਢੋਸ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਜਿੱਤ ਹੋਵੇਗੀ: ਬਲਾਕ ਪ੍ਰਧਾਨ ਅਮਨਿੰਦਰ ਸਿੰਘ

**ਕੋਟ ਈਸੇ ਖਾਂ 10 ਦਸੰਬਰ (ਅਰੋੜਾ)** ਪੰਜਾਬ ਵਿੱਚ ਹੋਣ ਜਾ ਰਹੀਆਂ ਜਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਸਾਰੇ ਉਮੀਦਵਾਰ ਸ਼ਾਨਦਾਰ ਜਿੱਤ ਪ੍ਰਾਪਤ ਕਰਨਗੇ ਅਤੇ ਹਲਕੇ ਦੇ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ। ਇਨ੍ਹਾ ਸ਼ਬਦਾ ਦਾ ਪ੍ਰਗਟਾਵਾ ਬਲਾਕ



ਪ੍ਰਧਾਨ ਅਮਨਿੰਦਰ ਸਿੰਘ (ਅਮਨ) ਸਰਪੰਚ ਨੇ ਪ੍ਰੈਸ ਨਾਲ ਸਾਂਝਾ ਕੀਤਾ।ਆਗੂਆਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਵਾਸੀਆਂ ਨਾਲ ਜੋ ਵਾਅਦੇ ਕੀਤੇ ਸਨ, ਸਰਕਾਰ ਵੱਲੋਂ ਉਹ ਵਾਅਦੇ ਪੂਰੇ ਕੀਤੇ ਜਾ ਰਹੇ ਹਨ ਤੇ ਪੰਜਾਬ ਵਾਸੀਆਂ ਨੂੰ ਹਰ ਸਹੂਲਤ ਦੇਣ ਲਈ ਪੰਜਾਬ ਸਰਕਾਰ ਵਚਨਬੱਧ ਹੈ। ਆਪ ਆਗੂਆਂ ਨੇ ਕਿਹਾ ਕਿ ਕੁੱਝ ਸਮਾਂ ਪਹਿਲਾ ਲੰਘੀਆਂ ਪੰਚਾਇਤੀ ਚੋਣਾ, ਜ਼ਿਮਨੀ ਚੋਣਾਂ ਵਿੱਚ ਪੰਜਾਬ ਵਾਸੀਆਂ ਨੇ ਸਰਕਾਰ ਵੱਲੋਂ ਕੀਤੇ ਲੋਕ ਹਿੱਤ ਕੰਮਾਂ ਅਤੇ ਵਿਕਾਸ ਕਾਰਜ਼ਾਂ ਤੇ ਮੋਹਰ ਲਾਈ ਹੈ ਅਤੇ ਆਮ ਆਦਮੀ ਪਾਰਟੀ ਦੀ ਜਿੱਤ ਹੋਈ ਹੈ। ਉਨ੍ਹਾ ਕਿਹਾ ਕਿ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਅਗਵਾਈ ਹੇਠ ਸਾਰੀ ਟੀਮ ਵੱਲੋ ਜਿਲ੍ਹਾ ਪ੍ਰੀਸਦ ਤੇ ਬਲਾਕ ਸੰਮਤੀ ਦੇ ਉਮੀਦਵਾਰਾਂ ਦੇ ਹੱਕ ਵਿੱਚ ਜ਼ੋਰਦਾਰ ਚੋਣ ਪ੍ਰਚਾਰ ਜਾਰੀ ਹੈ ਤੇ ਲੋਕਾਂ ਦਾ ਬਹੁਤ ਵਧੀਆ ਹੁੰਗਾਰਾ ਮਿਲ ਰਿਹਾ ਹੈ। ਲੋਕ ਆਮ ਆਦਮੀ ਪਾਰਟੀ ਦੀਆ ਨੀਤੀਆ ਤੋ ਸੰਤੁਸ਼ਟ ਹਨ ਤੇ ਆਪ ਦੀਆ ਗਤੀਵਿਧੀਆ ਨੂੰ ਲੋਕਾ ਤੱਕ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਆਉਣ ਵਾਲੀ 14 ਦਸੰਬਰ ਨੂੰ ਆਪ ਉਮੀਦਵਾਰਾਂ ਦੇ ਹੱਕ ਵਿੱਚ ਆਪਣੀ ਵੋਟ ਦਾ ਇਸਤੇਮਾਲ ਕਰਨ ਤਾਂ ਜੋ ਉਹਨਾਂ ਨੂੰ ਜਿਤਾਇਆ ਜਾ ਸਕੇ।

# ਬਲਾਕ ਸੰਮਤੀ ਜੋਨ ਜਾਤੀਵਾਲ ਤੋਂ ਅਕਾਲੀ ਦਲ ਦੇ ਉਮੀਦਵਾਰ ਜਥੇਦਾਰ ਕੁਲਦੀਪ ਸਿੰਘ ਜਾਤੀਵਾਲ ਨੇ ਪਿੰਡਾਂ ਵਿੱਚ ਕੀਤਾ ਚੋਣ ਪ੍ਰਚਾਰ

## ਅਕਾਲੀ ਦਲ ਦੀਆਂ ਸਰਕਾਰਾਂ ਵੇਲੇ ਕੀਤੇ ਵਿਕਾਸ ਕਾਰਜਾਂ ਨੂੰ ਲੋਕ ਕਰ ਰਹੇ ਨੇ ਯਾਦ- ਜਥੇਦਾਰ ਜਾਤੀਵਾਲ



**ਮਾਛੀਵਾੜਾ ਸਾਹਿਬ 10 ਦਸੰਬਰ (ਮਾਸਟਰ ਸਤੀਸ਼ ਕੁਮਾਰ)** ਬਲਾਕ ਸੰਮਤੀ ਜੋਨ ਜਾਤੀਵਾਲ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਚੋਣ ਲੜ ਰਹੇ ਟਕਸਾਲੀ ਅਕਾਲੀ ਆਗੂ ਜਥੇਦਾਰ ਕੁਲਦੀਪ ਸਿੰਘ ਜਾਤੀਵਾਲ ਨੂੰ ਬੇਟ ਖੇਤਰ ਦੇ ਪਿੰਡਾਂ ਵਿੱਚ ਲੋਕ ਰੱਜਵਾਂ ਪਿਆਰ ਅਤੇ ਭਰਵਾਂ ਹੁੰਗਾਰਾ ਦੇ ਰਹੇ ਹਨ। ਬੀਤੇ ਕੱਲ੍ਹ ਜੋਨ ਦੇ ਪਿੰਡ, ਦੌਲਤਪੁਰ ,ਜੋਧਵਾਲ ,ਰੂੜੇਵਾਲ ਅਤੇ ਚੱਕ ਸ਼ੰਮੂ ਵਿੱਚ ਜਥੇਦਾਰ ਕੁਲਦੀਪ ਸਿੰਘ ਜਾਤੀਵਾਲ ਵੱਲੋਂ ਆਪਣੇ ਸਾਥੀਆਂ ਸਮੇਤ ਘਰ ਘਰ ਜਾ ਚੋਣ ਪ੍ਰਚਾਰ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੀਆਂ ਨੀਤੀਆਂ ਬਾਰੇ ਵੋਟਰਾਂ ਨੂੰ ਜਾਣੂ ਕਰਵਾਇਆ ।ਜਿੱਥੇ ਲੋਕਾਂ ਨੇ ਭਾਰੀ ਬਹੁਮਤ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਜਿਤਾਉਣ ਦਾ ਵਾਅਦਾ ਕੀਤਾ। ਉਮੀਦਵਾਰ ਜਥੇਦਾਰ ਕੁਲਦੀਪ ਸਿੰਘ ਜਾਤੀਵਾਲ ਵੱਖ-ਵੱਖ ਪਿੰਡਾਂ ਵਿੱਚੋਂ ਸੰਬੋਧਨ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੀਆਂ ਸਰਕਾਰਾਂ ਵੇਲੇ ਹੀ ਬੇਟ ਖੇਤਰ ਦਾ ਅਸਲ ਵਿਕਾਸ ਹੋਇਆ ਹੈ, ਸਭ ਤੋਂ ਪਹਿਲਾਂ ਬੇਟ ਖੇਤਰ ਦੇ ਪਿੰਡਾਂ ਵਿੱਚ ਧਰਮਸ਼ਾਲਾਵਾਂ, ਲਿੰਕ ਰੋਡ ਬਣੇ,ਦਾਣਾ ਮੰਡੀਆਂ ਵੀ ਬਾਦਲ ਸਰਕਾਰ ਦੀ ਦੇਣ ਹੈ। ਕਿਸਾਨਾਂ ਨੂੰ ਬਿਜਲੀ ਕੁਨੈਕਸ਼ਨ, 24 ਘੰਟੇ ਬਿਜਲੀ ਦੀ ਸਹੂਲਤ, ਵਿਧਵਾ ਅਤੇ ਬੁਢਾਪਾ ਪੈਨਸ਼ਨ ਸ਼੍ਰੋਮਣੀ ਅਕਾਲੀ ਦਲ ਬਾਦਲ ਦੀਆਂ ਸਰਕਾਰਾਂ ਵੇਲੇ ਦੀ ਦੇਣ ਹਨ ਅਤੇ ਸਭ ਤੋਂ ਵੱਡਾ ਸਾਡੇ ਏਰੀਏ ਨੂੰ ਲਾਭ ਪਹੁੰਚਾਉਣ ਲਈ ਸਤਲੁਜ ਦਰਿਆ ਤੇ ਪੁਲ ਬਣਾਇਆ ਗਿਆ ਜਿਸ ਨਾਲ ਬੇਟ ਖੇਤਰ ਦੇ ਪਿੰਡਾਂ ਦੀਆਂ ਜਮੀਨਾਂ ਦੇ ਰੇਟ ਵਧੇ ਤੇ ਦੁਆਬੇ ਦੇ ਖੇਤਰ ਨਾਲ ਸਾਡਾ ਵਪਾਰ ਅਤੇ ਆਣ ਜਾਣ ਸਾਂਝਾ ਹੋਇਆ। ਸੋ ਇਸ ਲਈ ਪੰਜਾਬ ਦੇ ਵਿਕਾਸ ਲਈ ਫਿਰ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ 2027 ਵਿੱਚ ਸਰਕਾਰ ਬਣਾਉਣ ਲਈ ਹੁਣ ਤੋਂ ਹੀ ਤਿਆਰੀਆਂ ਸ਼ੁਰੂ ਕਰੀਏ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸਾਰੇ ਬਲਾਕ ਸੰਮਤੀ ਅਤੇ ਜਿਲ੍ਹਾ ਪਰਿਸ਼ਦ ਉਮੀਦਵਾਰਾਂ ਨੂੰ ਭਾਰੀ ਬਹੁਮਤ ਜਿਤਾਈਏ। ਉਹਨਾਂ ਨੀਲੋ ਕਲਾਂ ਜੋਨ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਹਰਜੋਤ ਸਿੰਘ ਮਾਂਗਟ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਭਾਰੀ ਬਹੁਮਤ ਨਾਲ ਜਿਤਾਉਣ ਦੀ ਵੀ ਅਪੀਲ ਕੀਤੀ। ਇਸ ਮੌਕੇ ਇਹਨਾਂ ਪਿੰਡਾਂ ਵਿੱਚ ਚੋਣ ਪ੍ਰਚਾਰ ਦੌਰਾਨ ਜਥੇਦਾਰ ਕੁਲਦੀਪ ਸਿੰਘ ਜਾਤੀਵਾਲ ਦੇ ਨਾਲ ਸਾਬਕਾ ਸਰਪੰਚ ਗਿਆਨ ਚੰਦ, ਜਸਵੰਤ ਸਿੰਘ, ਪਰਮਜੀਤ ਸਿੰਘ , ਸੁੱਚਾ ਸਿੰਘ ਦੌਲਤਪੁਰ, ਜਗੀਰ ਸਿੰਘ ਦੌਲਤਪੁਰ ,ਪ੍ਰੇਮ ਸਿੰਘ, ਸੋਨੂ ਸਿੰਘ, ਰੇਸ਼ਮ ਸਿੰਘ ,ਸੁੱਖਾ ਸਿੰਘ, ਕਰਨੈਲ ਸਿੰਘ, ਮਲਕੀਤ ਸਿੰਘ, ਲੱਖਾ ਸਿੰਘ, ਅਮਰਜੀਤ ਸਿੰਘ ,ਕਾਲਾ ਸਿੰਘ ,ਨਿਸ਼ਾਨ ਸਿੰਘ, ਬਲਵੀਰ ਸਿੰਘ, ਲਾਲ ਸਿੰਘ, ਸੁੱਚਾ ਸਿੰਘ ,ਸੇਵਾ ਸਿੰਘ, ਜੋਗਿੰਦਰ ਸਿੰਘ, ਯੂਥ ਆਗੂ ਸਾਹਿਲਪ੍ਰੀਤ ਸਿੰਘ ਜਾਤੀਵਾਲ, ਬਲਜਿੰਦਰ ਸਿੰਘ ਜਾਤੀਵਾਲ, ਗੁਰਚਰਨ ਸਿੰਘ, ਲਖਬੀਰ ਸਿੰਘ ,ਭਜਨ ਸਿੰਘ, ਸਾਬਕਾ ਸਰਪੰਚ ਰਾਣਾ ਸਿੰਘ ਜੋਧਵਾਲ, ਸਾਬਕਾ ਸਰਪੰਚ ਇਕਬਾਲ ਸਿੰਘ ਜੋਧਵਾਲ, ਵੀਰ ਸਿੰਘ ਰੂੜੇਵਾਲ, ਨਰਿੰਦਰ ਸ਼ਰਮਾ, ਹਰਦੀਪ ਸਿੰਘ ਗੁਰਪ੍ਰੀਤ ਸਿੰਘ, ਸਤਨਾਮ ਸਿੰਘ ,ਅਮਰੀਕ ਸਿੰਘ, ਸੁੱਚਾ ਸਿੰਘ ਮੰਡ ਝੜੌਦੀ, ਨੰਬਰਦਾਰ ਜਗੀਰ ਸਿੰਘ, ਪ੍ਰੇਮ ਸਿੰਘ, ਜਰਨੈਲ ਸਿੰਘ, ਦਰਸ਼ਨ ਸਿੰਘ, ਅਮਰਜੀਤ ਸਿੰਘ, ਅਜਮੇਰ ਸਿੰਘ ਈਸਾਪੁਰ, ਜੋਗਿੰਦਰ ਸਿੰਘ ਰਾਗੀ, ਰਾਗੀ ਸਿੰਘ ਲੱਖਾ ,ਲਖਵੀਰ ਸਿੰਘ, ਗੁਰਮੇਲ ਸਿੰਘ, ਬੱਬੂ ਰਠੌਰ, ਨਾਜਰ ਸਿੰਘ, ਰਾਣਾ ਸਿੰਘ, ਅਜੀਤ ਸਿੰਘ ਨੰਬਰਦਾਰ, ਲਖਵਿੰਦਰ ਸਿੰਘ, ਮਨਦੀਪ ਸਿੰਘ ,ਵਿਕਰਮ ਸਿੰਘ, ਰੂਪ ਸਿੰਘ, ਬੂਟਾ ਸਿੰਘ, ਜਸਵਿੰਦਰ ਸਿੰਘ, ਦਲਜੀਤ ਸਿੰਘ ਲੰਬੜਦਾਰ, ਜਥੇਦਾਰ ਮਹਿੰਦਰ ਸਿੰਘ ਸੈਂਸੈਵਾਲ, ਨਵਨੀਤ ਸਿੰਘ ਭੱਟੀ, ਜੋਗਾ ਸਿੰਘ, ਨਾਜੀ, ਜੱਸੀ, ਸੁਰਜੀਤ ਸਿੰਘ ਵੀ ਮੌਜੂਦ ਸਨ।

## ਜਨਮ ਦਿਨ ਮੁਬਾਰਕ



ਅਨਮੋਲਵੀਰ ਸਿੰਘ
ਪਿਤਾ ਬਲਦੀਪ ਸਿੰਘ ਪਟਵਾਰੀ
ਮਾਤਾ ਅੰਜਨਾ ਸਹੋਤਾ
ਨਯਾ ਨੰਗਲ

# ਸੰਤ ਬਾਬਾ ਫਤਿਹ ਸਿੰਘ ਜੀ ਦੀ ਯਾਦ ਵਿੱਚ ਮੈਡੀਕਲ ਚੈੱਕਅਪ ਅਤੇ ਖੂਨਦਾਨ ਕੈਂਪ 14 ਦਸੰਬਰ ਨੂੰ

**ਕੋਟ ਈਸੇ ਖਾਂ 10 ਦਸੰਬਰ (ਅਰੋੜਾ)** ਸੰਤ ਬਾਬਾ ਫਤਿਹ ਸਿੰਘ ਜੀ ਖੋਸਾ ਕੋਟਲਾ ਵਾਲਿਆਂ ਦੀ ਨਿੱਘੀ ਯਾਦ ਵਿੱਚ ਆਉਣ ਵਾਲੀ 14 ਦਸੰਬਰ ਦਿਨ ਐਤਵਾਰ ਨੂੰ ਸੰਤ ਬਾਬਾ ਗੁਰਮੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਅਤੇ ਇਲਾਕੇ ਭਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ 19ਵਾਂ ਫਰੀ ਮੈਡੀਕਲ ਚੈੱਕ ਅਪ ਅਤੇ



ਖੂਨਦਾਨ ਕੈਂਪ ਜੋ ਗੁਰਦੁਆਰਾ ਸਾਹਿਬ ਪਿੰਡ ਖੋਸਾ ਕੋਟਲਾ ਵਿਖੇ ਸਵੇਰੇ 9 ਵਜੇ ਤੋਂ ਸ਼ਾਮ 3 ਵਜੇ ਤੱਕ ਲਗਾਇਆ ਜਾ ਰਿਹਾ ਹੈ ਜਿਸ ਵਿਚ ਡਾਕਟਰ ਗੁਰਪ੍ਰੀਤ ਸਿੰਘ ਵਾਂਡਰ, ਡਾਕਟਰ ਰੋਹਿਤ ਟੰਡਨ , ਡਾਕਟਰ ਅੰਕਿਤ ਗੁਲੀਆ , ਡਾਕਟਰ ਅਭਿਸ਼ੇਕ ਗਰਗ, ਡਾਕਟਰ ਰਮੇਸ਼ , ਡਾਕਟਰ ਕੁਲਦੀਪ ਸਿੰਘ ਗਿੱਲ ,ਡਾਕਟਰ ਹਰਮੰਦਰ ਸਿੰਘ ਬੀਰ, ਡਾਕਟਰ ਪ੍ਰੇਮ ਸਿੰਘ, ਡਾਕਟਰ ਅਭਿਨੰਦਨ ਦਿਓਰਾ ,ਡਾਕਟਰ ਰਾਵਿੰਦਰ ਕੋਚਰ, ਡਾਕਟਰ ਚਾਹਤ ਕੰਬੋਜ, ਡਾਕਟਰ ਹਰਜੋਤ ਕੰਬੋਜ ਚੈਕਅਪ ਕਰਨਗੇ ਅਤੇ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਜਾਣਗੀਆਂ ਅਤੇ ਦਇਆ ਨੰਦ ਹਸਪਤਾਲ ਲੁਧਿਆਣਾ ਵੱਲੋਂ ਖੂਨਦਾਨ ਕੈਂਪ ਲਗਾਇਆ ਜਾਵੇਗਾ। ਕੈਂਪ ਦੌਰਾਨ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਜਾਵੇਗਾ।

# ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਮੈਡਮ ਨਵਜੋਤ ਕੌਰ ਸਿੱਧੂ ਨੂੰ ਪਾਰਟੀ ਤੋਂ ਬਾਹਰ ਦਾ ਰਾਸਤਾ ਦਿਖਾਇਆ ਬਹੁਤ ਹੀ ਸ਼ਲਾਘਾਯੋਗ ਕਦਮ

## ਹਾਈਕਮਾਂਡ ਨੇ ਮੁੜ ਤੋਂ ਸਿੱਧੂ ਜੋੜੀ ਨੂੰ ਕਾਂਗਰਸ ਪਾਰਟੀ ਵਿਚ ਲੈਣ ਦੀ ਕੀਤੀ ਕੋਸ਼ਿਸ਼ ਤਾ ਹੋਵੇਗੀ ਪਾਰਟੀ ਵਿਚ ਬਗਾਵਤ ਸ਼ੁਰੂ- ਟਹਿਲ ਸਿੰਘ ਸੰਧੂ

**ਬਠਿੰਡਾ, 10 ਦਸੰਬਰ (ਮੁਕੇਸ਼ ਕੁਮਾਰ)** ਨਵਜੋਤ ਕੌਰ ਸਿੱਧੂ ਵਲੋਂ ਪਿਛਲੇ ਦਿਨੀਂ ਦਿੱਤੇ ਗਏ 500 ਕਰੋੜ ਰੁਪਏ ਵਾਲੇ ਬਿਆਨ ਨੇ ਪੰਜਾਬ ਵਿੱਚ ਗਰਮਾਂ ਗਰਮ ਬਹਿਸ ਸ਼ੁਰੂ ਕਰ ਦਿੱਤੀ ਹੈ ਮੈਡਮ ਨਵਜੋਤ ਕੌਰ ਸਿੱਧੂ ਦੇ ਇਸ ਬਿਆਨ ਤੋਂ ਬਾਅਦ ਪੰਜਾਬ ਕਾਂਗਰਸ ਦੇ ਪ੍ਰਧਾਨ ਸ੍ਰੀ ਅਮਰਰਿਦਰ ਸਿੰਘ ਰਾਜਾ ਵੜਿੰਗ ਵਲੋਂ ਨਵਜੋਤ ਕੌਰ ਸਿੱਧੂ ਨੂੰ ਹਮੇਸ਼ਾ ਲਈ ਪਾਰਟੀ ਤੋਂ ਬਾਹਰ ਦਾ ਰਾਸਤਾ ਦਿਖਾ ਦਿੱਤਾ ਗਿਆ ਹੈ ਬਠਿੰਡਾ ਤੋਂ ਸੀਨੀਅਰ ਕਾਂਗਰਸੀ ਆਗੂ ਸਰਦਾਰ ਟਹਿਲ ਸਿੰਘ ਸੰਧੂ ਨੇ ਪੰਜਾਬ ਕਾਂਗਰਸ ਪਾਰਟੀ ਦੇ ਪ੍ਰਧਾਨ ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਮੈਡਮ ਨਵਜੋਤ ਕੌਰ ਸਿੱਧੂ ਨੂੰ ਹਮੇਸ਼ਾ ਲਈ ਪਾਰਟੀ ਵਿੱਚੋਂ ਕੱਢ ਦੇਣਾ ਬਹੁਤ ਹੀ ਸ਼ਲਾਘਾਯੋਗ ਫ਼ੈਸਲਾ ਲਿਆ। ਇਹ ਸ਼ਬਦ ਟਹਿਲ ਸਿੰਘ ਸੰਧੂ (ਡੈਲੀ ਗੇਟ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ) ਨੇ ਆਪਣੇ ਵਿਚਾਰਾਂ ਦੌਰਾਨ ਕਹੇ। ਟਹਿਲ ਸਿੰਘ ਸੰਧੂ ਨੇ ਕਿਹਾ ਕਿ ਪਾਰਟੀ ਪ੍ਰਧਾਨ ਸ੍ਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਸਿੱਧੂ ਜੋੜੀਂ ਨੂੰ ਪਹਿਲਾਂ ਹੀ ਪਾਰਟੀ ਵਿਚੋਂ ਕੱਢ ਦੇਣਾ ਚਾਹੀਦਾ ਸੀ ਕਿਉਂਕਿ ਸਿੱਧੂ ਜੋੜੀ ਬੀਜੇਪੀ ਨਾਲ ਸਾਂਝ ਗਾਂਠ ਕਰਕੇ ਪੰਜਾਬ ਕਾਂਗਰਸ ਨੂੰ ਬਦਨਾਮ ਕਰ ਰਹੀ ਸੀ ਸਿੱਧੂ ਜੋੜੀ ਪੰਜਾਬ ਕਾਂਗਰਸ ਦੇ ਪ੍ਰਧਾਨ ਬਣਨ ਤੋਂ ਬਾਅਦ ਵੀ ਲੀਡਰਸ਼ਿਪ ਨੂੰ ਜੋੜਨ ਦਾ ਨਹੀਂ ਸਗੋਂ ਅੰਦਰੋਂ ਅੰਦਰੀ ਪਾਰਟੀ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਕਰ ਰਹੇ ਸਨ ਨਵਜੋਤ ਸਿੱਧੂ ਨੂੰ ਪੰਜਾਬ ਕਾਂਗਰਸ ਬਣਾਉਣ ਤੋਂ ਬਾਅਦ ਵਿੱਚ ਵੀ ਕਾਂਗਰਸ ਪਾਰਟੀ ਨੂੰ ਤੋੜਣ ਦੀਆਂ ਲਗਾਤਾਰ ਕੋਸ਼ਿਸ਼ ਕਰ ਰਹੇ ਸਨ ਇਹਨਾਂ ਦੀ ਵਜ੍ਹਾ ਕਰਕੇ ਸਰਦਾਰ ਕੈਪਟਨ ਅਮਰਿੰਦਰ ਸਿੰਘ ਨੂੰ ਪਾਰਟੀ ਨੇ ਪਿੱਛੇ ਕਰਨਾ ਪਿਆ ਤੇ ਪੰਜਾਬ ਕਾਂਗਰਸ ਦਾ ਬਹੁਤ ਵੱਡਾ ਨੁਕਸਾਨ ਹੋਇਆ ਉਹਨਾਂ ਦਿਨਾਂ ਵਿੱਚ ਵੀ ਸਿੱਧੂ ਜੋੜੀ ਨੇ ਕਾਂਗਰਸ ਪਾਰਟੀ ਨੂੰ ਜੋੜੀਆਂ ਨਹੀਂ ਸਗੋਂ ਤੋੜਣ ਦਾ ਕੰਮ ਕੀਤਾ ਪੰਜਾਬ ਕਾਂਗਰਸ ਪਾਰਟੀ ਦੇ ਪ੍ਰਧਾਨ ਸ੍ਰੀ ਅਮਰਿੰਦਰ ਸਿੰਘ ਰਾਜਾਂ ਵੜਿੰਗ ਨੇ ਸਿੱਧੂ ਜੋੜੀ ਨੂੰ



ਹਮੇਸ਼ਾ ਲਈ ਪਾਰਟੀ ਤੋਂ ਬਾਹਰ ਦਾ ਰਾਸਤਾ ਦਿਖਾਇਆ ਬਹੁਤ ਹੀ ਮਹੱਤਵਪੂਰਨ ਫੈਸਲਾ ਲਿਆ ਸ੍ ਸੰਧੂ ਨੇ ਕਿਹਾ ਕੀ ਹਾਈਕਮਾਂਡ ਵਲੋਂ ਸਿੱਧੂ ਜੋੜੀ ਨੂੰ ਮੁੜ ਤੋਂ ਕਾਂਗਰਸ ਪਾਰਟੀ ਵਿਚ ਸ਼ਾਮਿਲ ਕਰਨ ਦੀ ਗਲਤੀ ਕੀਤੀ ਤਾ ਪੰਜਾਬ ਕਾਂਗਰਸ ਵਿਚ ਬਹੁਤ ਵੱਡੀ ਬਗ਼ਾਵਤ ਸ਼ੁਰੂ ਹੋ ਜਾਵੇਗੀ ਤੇ ਪੰਜਾਬ ਕਾਂਗਰਸ ਵਿਚ ਬਹੁਤ ਵੱਡੀ ਲੀਡਰਸ਼ਿਪ ਵੱਲੋਂ ਮਜਬੂਰਨ ਕਾਂਗਰਸ ਪਾਰਟੀ ਨੂੰ ਹਮੇਸ਼ਾ ਲਈ ਅਲਵਿਦਾ ਕਹਿਣਾ ਪਵੇਗਾ ਇਸ ਲਈ ਮੈਡਮ ਨਵਜੋਤ ਕੌਰ ਸਿੱਧੂ ਨੇ ਜੋ ਕਾਂਗਰਸ ਪਾਰਟੀ ਉਪਰ 500 ਕਰੋੜ ਰੁਪਏ ਦੇਣ ਦਾ ਐਲੀਗੇਸਨ ਲਗਾਇਆ ਹੈ ਮੈਡਮ ਸਿੱਧੂ ਨੂੰ ਲਿਖਤੀ ਰੂਪ ਵਿੱਚ ਕਾਂਗਰਸ ਪਾਰਟੀ ਤੋਂ ਮਾਫ਼ੀ ਮੰਗਣੀ ਚਾਹੀਦੀ ਹੈਂ ਤੇ ਸਮੁੱਚੀ ਪ੍ਰੈਸ ਮੀਡੀਆ ਵਿੱਚ ਵੀ ਮਾਫ਼ੀ ਮੰਗਣੀ ਚਾਹੀਦੀ ਹੈ ਕਾਂਗਰਸ ਪਾਰਟੀ ਨੇ ਹੁਣ ਤੱਕ ਕਿਸੇ ਵੀ ਲੀਡਰ ਤੋਂ ਇੱਕ ਰੁਪਿਆ ਨਹੀਂ ਲਿਆ ਨਵਜੋਤ ਸਿੰਘ ਸਿੱਧੂ ਦੇ ਪ੍ਰਧਾਨ ਬਣਨ ਤੇ ਜਾ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੁੰਦੇ ਹੋਏ ਜੇ ਇੱਕ ਰੁਪਏ ਵੀ ਕਿਸੇ ਨੂੰ ਦਿੱਤਾ ਤਾ ਇਸ ਨੂੰ ਜਾਹੀਰ ਕਰਨ ਪਿਛਲੇ ਕੁਝ ਸਾਲ ਪਹਿਲਾਂ ਦਸਹਿਰੇ ਵਾਲੇ ਦਿਨ ਮਿੱਠੂ ਮਦਾਨ ਜੋ ਕੀ ਇਹਨਾਂ ਦੇ ਨਾਲ ਰਹਿੰਦੇ ਸਨ ਉਹਨਾਂ ਨੇ ਸਿੱਧੂ ਜੋੜੀ ਤੇ ਐਲੀਗੇਸਨ ਲਗਾਏ ਸਨ ਉਹਨਾਂ ਨੇ ਕਿਹਾ ਕੀ ਸਿੱਧੂ ਜੋੜੀ ਲੋਕਾ ਤੋਂ ਸੋਨੇ ਦੇ ਕੜੇ ਅਤੇ ਛਾਪਾਂ ਲੈਂਦੇ ਸਨ ਹੁਣ ਇਹ ਕਿਸੇ ਨੂੰ ਕੀ ਇਮਾਨਦਾਰੀ ਦੀ ਕਿਤਾਬ ਪੜਾਉਣਗੇ ਸਰਦਾਰ ਟਹਿਲ ਸਿੰਘ ਸੰਧੂ ਨੇ ਕੀ ਪੰਜਾਬ ਕਾਂਗਰਸ ਪਾਰਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੈਡਮ ਨਵਜੋਤ ਕੌਰ ਸਿੱਧੂ ਨੂੰ ਜੋ ਪਾਰਟੀ ਵਿਚੋਂ ਬਾਹਰ ਦਾ ਰਾਸਤਾ ਦਿਖਾਇਆ ਬਹੁਤ ਵਧੀਆ ਕਦਮ ਹੈ ਪੰਜਾਬ ਕਾਂਗਰਸ ਵਿਚ ਕਿਸੇ ਵੀ ਲੀਡਰ ਪਾਰਟੀ ਨੂੰ ਤੋੜਣ ਜਾ ਗ਼ਲਤ ਬਿਆਨ ਬਾਜ਼ੀ ਕੀਤੀ ਤਾ ਪੰਜਾਬ ਕਾਂਗਰਸ ਵਿਚੋਂ ਹਮੇਸ਼ਾ ਲਈ ਬਾਹਰ ਦਾ ਰਾਸਤਾ ਦਿਖਾਇਆ ਜਾਵੇਗਾ।

# ਕੇ.ਜੀ ਏ ਅਤੇ ਬੀ ਦੇ ਬੱਚੇ ਰੰਗੀਨ ਪੇਸ਼ਕਾਰੀ ਵਿੱਚ ਛਾ ਗਏ



**ਦੋਰਾਹਾ: 10 ਦਸੰਬਰ (ਗੁਰਵੀਰ ਸਿੰਘ ਮਾਂਗਟ)** ਦੋਰਾਹਾ ਪਬਲਿਕ ਸਕੂਲ ਵਿੱਚ ਕੇ.ਜੀ ਏ ਅਤੇ ਬੀ ਦੇ ਵਿਦਿਆਰਥੀਆਂ ਨੇ ਦਿਲ ਨੂੰ ਛੋਹਣ ਵਾਲੀ ਪੇਸ਼ਕਾਰੀ ਦਿੱਤੀ। ਇਸ ਪ੍ਰੋਗਰਾਮ ਵਿੱਚ ਦੋਰਾਹਾ ਪਬਲਿਕ ਸਕੂਲ ਦੇ ਡਾਇਰੈਕਟਰ ਤਪਵੀਰ ਸਿੰਘ ,ਪ੍ਰਿੰਸੀਪਲ ਸ਼੍ਰੀਮਤੀ ਮੋਨਿਕਾ ਸਾਰਵਾਲ ਅਤੇ ਹੈੱਡਮਿਸਟਰੈਸ ਸ਼੍ਰੀਮਤੀ ਸੰਗੀਤਾ ਰਾਜਪੂਤ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।ਪ੍ਰੋਗਰਾਮ ਵਿੱਚ ਪ੍ਰਾਰਥਨਾ, ਸਵਾਗਤ ਡਾਂਸ, ਰੈਂਪ ਵਾਕ, ਕਵਿਤਾ ਦਾ ਉਚਾਰਨ, ਮਾਈਮ ਅਤੇ ਇੱਕ ਸਮੂਹ ਡਾਂਸ ਸ਼ਾਮਲ ਸੀ।ਇਹ ਸਾਰੀ ਪੇਸ਼ਕਾਰੀ ਜੰਗਲੀ ਜਾਨਵਰਾਂ ਦੀ ਸੰਭਾਲ ਨਾਲ ਸੰਬਧਿਤ ਸੀ ।ਇਸ ਪ੍ਰੋਗਰਾਮ ਨੇ ਛੋਟੇ ਬੱਚਿਆਂ ਦੇ ਉਤਸ਼ਾਹ ਅਤੇ ਵਧੀਆਂ ਯੋਗਤਾਵਾਂ ਨੂੰ ਸੁੰਦਰਤਾ ਨਾਲ ਪ੍ਰਦਰਸ਼ਿਤ ਕੀਤਾ। ਡਾਇਰੈਕਟਰ ਤਪਵੀਰ ਸਿੰਘ ਨੇ ਬੱਚਿਆਂ ਦੁਆਰਾ ਕੀਤੀ ਗਈ ਪੇਸ਼ਕਾਰੀ ਦੀ ਅਤੇ ਅਧਿਆਪਕਾਂ ਦੁਆਰਾ ਕਰਵਾਈ ਗਈ ਤਿਆਰੀ ਦੀ ਸ਼ਲਾਂਘਾ ਕੀਤੀ।

# ਜਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਅਵਨੀਤ ਕੌਰ ਜਰਖੜ ਦੇ ਹੱਕ ਵਿੱਚ ਬੀਬੀਆਂ ਨੇ ਕੀਤਾ ਘਰੋ ਘਰੀ ਪ੍ਰਚਾਰ

## ਅਵਨੀਤ ਕੌਰ ਜਰਖੜ ਵੱਡੀ ਲੀਡ ਨਾਲ ਜਿੱਤਣਗੇ- ਗਰਚਾ ਯੂ ਕੇ

**ਖੰਨਾ/ਲੁਧਿਆਣਾ 10 ਦਸੰਬਰ (ਗੁਰਵੀਰ ਸਿੰਘ ਮਾਂਗਟ)** ਜਿਲ੍ਹਾ ਪ੍ਰੀਸ਼ਦ ਚੋਣਾਂ ਜਿਸ ਵਿੱਚ ਸਥਾਨਕ ਆਲਮਗੀਰ ਜੋਨ ਤੋਂ ਉੱਘੇ ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਦੀ ਨੂੰਹ ਰਾਣੀ ਉਮੀਦਵਾਰ ਅਵਨੀਤ ਕੌਰ ਜਰਖੜ (ਪਤਨੀ ਸਰਪੰਚ ਸੰਦੀਪ ਸਿੰਘ ਜਰਖੜ )ਆਮ ਆਦਮੀ ਪਾਰਟੀ ਦੇ ਚੋਣ ਪ੍ਰਚਾਰ ਵਿੱਚ ਤੇਜ਼ੀ ਲਿਆਉਂਦਿਆਂ ਇਲਾਕੇ ਦੀਆਂ ਬੀਬੀਆਂ ਨੇ ਵੱਖ ਵੱਖ ਪਿੰਡਾਂ ਵਿੱਚ ਘਰੋਂ ਘਰੀ ਪ੍ਰਚਾਰ ਕੀਤਾ । ਅੱਜ ਇਲਾਕੇ ਦੀਆਂ ਬੀਬੀਆਂ ਨੇ ਪਿੰਡ ਪੱਦੀ ,ਪਿੰਡ ਜਰਖੜ ਅਤੇ ਪਿੰਡ ਡੰਗੋਰਾ ਵਿੱਚ ਘਰੋਂ ਘਰੀ ਜਾ ਕੇ ਬੀਬੀ ਅਵਨੀਤ ਕੌਰ ਦੇ ਹੱਕ ਵਿੱਚ ਵੋਟਾਂ ਪਾਉਣ ਲਈ ਵੋਟਰਾਂ ਨੂੰ ਪ੍ਰੇਰਤ ਕੀਤਾ। ਇਸ ਮੌਕੇ ਇੰਗਲੈਂਡ ਤੋਂ ਉਚੇਚੇ ਤੌਰ ਤੇ ਆਏ ਅਕਾਲ ਚੈਨਲ ਦੇ ਹੋਸਟ ਅਜੈਬ ਸਿੰਘ ਗਰਚਾ ਨੇ ਵੋਟਰਾਂ ਨੂੰ ਬੀਬੀ ਅਵਨੀਤ ਕੌਰ ਜਰਖੜ ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਆਖਿਆ ਕਿ ਸਾਨੂੰ ਪੜੇ ਲਿਖੇ ਨੌਜਵਾਨ ਬੱਚਿਆਂ ਨੂੰ ਸਿਆਸਤ ਵਿੱਚ ਅੱਗੇ ਲਿਆਉਣਾ ਚਾਹੀਦਾ ਹੈ ਤਾਂ ਤਾਂ ਜੋ ਉਹ ਲੋਕਾਂ ਦੇ ਮਸਲੇ ਸਹੀ ਤਰੀਕੇ ਨਾਲ



ਸਰਕਾਰ ਵਿੱਚ ਉਠਾ ਸਕਣ। ਉਹਨਾਂ ਆਖਿਆ ਲੋਕਾਂ ਵੋਟਰਾਂ ਵੱਲੋਂ ਸਿਰਜਿਆ ਮਾਹੌਲ ਦਰਸਾਉਂਦਾ ਹੈ ਕਿ ਬੀਬੀ ਅਵਨੀਤ ਕੌਰ ਜਰਖੜ ਆਲਮਗੀਰ ਜੋਨ ਤੋਂ ਵੱਡੇ ਫਰਕ ਨਾਲ ਚੋਣ ਜਿੱਤਣਗੇ।

ਇਸ ਮੌਕੇ ਲੋਕਾਂ ਵੱਲੋਂ ਦਿੱਤੇ ਜਾ ਰਹੇ ਭਰਵੇਂ ਸਹਿਯੋਗ ਦਾ ਧੰਨਵਾਦ ਕਰਦਿਆਂ ਖੇਡ ਪ੍ਰਮੋਟਰ ਦੇ ਜਗਰੂਪ ਸਿੰਘ ਨੇ ਆਖਿਆ ਕਿ ਉਹ ਆਪਣੀ ਜ਼ਿੰਦਗੀ ਦਾ ਤਨ ਮਨ ਧਨ ਸਮਾਜ ਸੇਵਾ ਲੇਖੇ ਲਾਉਣਗੇ। ਇਸ ਮੌਕੇ ਗੁਰਸ਼ਰਨ ਕੌਰ, ਜਗਮਨ ਕੌਰ ਅਮਰੀਕਾ, ਮਨਜੋਤ ਕੌਰ ਪੱਦੀ, ਦੇਵਿੰਦਰ ਕੌਰ, ਸਵਰਨਜੀਤ ਕੌਰ, ਸੁੱਖਵਿੰਦਰ ਕੌਰ, ਮਨਦੀਪ ਕੌਰ, ਨਿਮਰਤਾ ਕੌਰ, ਅਮਰਜੀਤ ਕੌਰ ਪੱਦੀ, ਚਰਨਜੀਤ ਕੌਰ, ਚੰਦਨਦੀਪ ਕੌਰ, ਸੁੱਖਦੇਵ ਕੌਰ, ਜਸਦੇਵ ਕੌਰ, ਮਨਜੀਤ ਕੌਰ, ਪਰਮਜੀਤ ਕੌਰ ਜਰਖੜ, ਗੁਰਸਿਮਰਤ ਕੌਰ, ਕੁਲਜੀਤ ਕੌਰ ਜਰਖੜ, ਅਵੱਲ ਕੌਰ ਪੰਧੇਰ, ਹਰਪ੍ਰੀਤ ਕੌਰ ਜਰਖੜ, ਸੁਖਪਾਲ ਕੌਰ ਜਰਖੜ, ਸੁੱਖਵਿੰਦਰ ਕੌਰ ਜਰਖੜ, ਕੋਮਲਪ੍ਰੀਤ ਕੌਰ, ਡਿੰਪਲ ਕੌਰ, ਮਨਪ੍ਰੀਤ ਕੌਰ, ਕੁਲਜੀਤ ਕੌਰ, ਕਮਲਜੀਤ ਕੌਰ, ਸੋਨੀ ਕੌਰ ਕਲਕੱਤਾ, ਪ੍ਰਿਤਪਾਲ ਕੌਰ ਪਰਮਜੀਤ ਕੌਰ, ਨਿਰਮਲਜੀਤ ਕੌਰ ਆਦਿ ਹੋਰ ਬੀਬੀਆਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਅਕਾਲੀ ਦਲ ਨੇ ਚੋਣ ਕਮਿਸ਼ਨ ਨੂੰ ਕੀਤੀ ਸ਼ਿਕਾਇਤ, ਆਪ ਵਿਧਾਇਕ ਵੱਲੋਂ ਵੋਟਰਾਂ ਨੂੰ ਲਾਲਚ ਦੇਣਾ ਚੋਣ ਜਾਬਤੇ ਦੀ ਉਲੰਘਣਾ



**ਮਾਛੀਵਾੜਾ ਸਾਹਿਬ -10 ਦਸੰਬਰ -ਮਾਸਟਰ ਸਤੀਸ਼ ਕੁਮਾਰ** – ਬੀਤੇ ਕੱਲ੍ਹ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਵਲੋਂ ਪਿੰਡਾਂ ਵਿਚ ਜ਼ਿਲਾ ਪਰਿਸ਼ਦ ਤੇ ਬਲਾਕ ਸਮਿਤੀ ਚੋਣਾਂ ਦੌਰਾਨ 'ਆਪ' ਉਮੀਦਵਾਰਾਂ ਨੂੰ ਜਿਤਾਉਣ ਵਾਲੇ ਪਿੰਡਾਂ ਨੂੰ 31 ਲੱਖ, 11 ਲੱਖ ਅਤੇ 5-5 ਲੱਖ ਰੁਪਏ ਦੀ ਗ੍ਰਾਂਟ ਦੇਣ ਦੇ ਮਾਮਲੇ 'ਤੇ ਸਿਆਸਤ ਗਰਮਾ ਗਈ ਹੈ। ਅੱਜ ਸ਼ਰੋਮਣੀ ਅਕਾਲੀ ਦਲ ਦੇ ਆਗੂ ਹਰਜਿੰਦਰ ਸਿੰਘ ਪਵਾਤ, ਜ਼ਿਲਾ ਪਰਿਸ਼ਦ ਉਮੀਦਵਾਰ ਹਰਜੋਤ ਸਿੰਘ ਮਾਂਗਟ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੇ ਹਾਰ ਨੂੰ ਦੇਖਦਿਆਂ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਵਲੋਂ ਪਿੰਡਾਂ ਨੂੰ ਲੱਖਾਂ ਰੁਪਏ ਦੀ ਗ੍ਰਾਂਟ ਦੇਣ ਦਾ ਲਾਲਚ ਦਿੱਤਾ ਗਿਆ ਹੈ ਜੋ ਕਿ ਚੋਣ ਜਾਬਤੇ ਦੀ ਉਲੰਘਣਾ ਹੈ। ਉਕਤ ਆਗੂਆਂ ਨੇ ਕਿਹਾ ਕਿ ਪਹਿਲਾਂ ਤਾਂ 'ਆਪ' ਨੂੰ ਪਿੰਡਾਂ ਵਿਚ ਉਮੀਦਵਾਰ ਨਹੀਂ ਲੱਭੇ ਅਤੇ ਫਿਰ ਉਨ੍ਹਾਂ ਸ਼ ?ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਦੇ ਕਾਗਜ਼ ਰੱਦ ਕਰਵਾਉਣ ਦੀ ਕੋਸ਼ਿਸ਼ ਕੀਤੀ, ਜਿਸ ਵਿਚ ਵੀ ਉਹ ਨਾਕਾਮ ਹੋਏ। ਉਨ੍ਹਾਂ ਕਿਹਾ ਕਿ ਹੁਣ ਉਹ ਵੋਟਰਾਂ ਨੂੰ ਲਾਲਚ ਦੇਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਹੁਣ ਸੂਝਵਾਨ ਵੋਟਰ 'ਆਪ' ਸਰਕਾਰ ਦੇ ਝੂਠੇ ਵਾਅਦਿਆਂ ਤੋਂ ਚੰਗੀ ਤਰ੍ਹਾਂ ਜਾਣੂ ਹੋ ਚੁੱਕੇ ਹਨ। ਅਕਾਲੀ ਆਗੂਆਂ ਨੇ ਕਿਹਾ ਕਿ ਵਿਧਾਇਕ ਦਿਆਲਪੁਰਾ ਨੂੰ ਪਤਾ ਲੱਗ ਚੁੱਕਾ ਹੈ ਕਿ ਉਸਦੀ ਪਾਰਟੀ ਦੇ ਉਮੀਦਵਾਰ ਹਾਰ ਰਹੇ ਹਨ,

ਜਿਸ ਕਰਨ ਉਹ ਅਜਿਹੇ ਲਾਲਚ ਦੇਣ ਵਾਲੇ ਵਾਅਦੇ ਕਰ ਰਿਹਾ ਹੈ। ਉਕਤ ਆਗੂਆਂ ਨੇ ਕਿਹਾ ਕਿ ਇਸ ਸਬੰਧੀ ਅਸੀਂ ਚੋਣ ਕਮਿਸ਼ਨ ਨੂੰ ਵੀ ਸ਼ਿਕਾਇਤ ਕੀਤੀ ਹੈ ਕਿ ਇਹ ਨਿਯਮਾਂ ਦੀ ਉਲੰਘਣਾ ਹੈ ਜਿਸ ਸਬੰਧੀ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਰੋਟਰੀ ਕਲੱਬ ਬਕੋਲਡ ਨਾਰਥ ਫਿਲੀਪੀਨ ਅਤੇ ਰੋਟਰੀ ਕਲੱਬ ਮਲੇਰਕੋਟਲਾ ਨੇ ਡੈਂਟਲ ਚੈੱਕ ਅਪ ਕੈਂਪ ਲਗਾ ਕੇ ਵਿਦਿਆਰਥੀਆਂ ਨੂੰ ਟੂਥਪੇਸਟ ਵੰਡੇ



**ਮਲੇਰ ਕੋਟਲਾ 10 ਦਸੰਬਰ (ਰਾਜੇਸ਼ ਸ਼ਰਮਾ)** ਲਾਗਲੇ ਪਿੰਡ ਦਸੌਂਧਾ ਸਿੰਘ ਵਾਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਫਿਲੀਪੀਨ ਦੇ ਰੋਟਰੀ ਕਲੱਬ ਬਕੋਲਡ ਨਾਰਥ ਅਤੇ ਰੋਟਰੀ ਕਲੱਬ ਮਲੇਰਕੋਟਲਾ ਵੱਲੋਂ ਵਿਦਿਆਰਥੀਆਂ ਦੇ ਦੰਦਾਂ ਦੇ ਚੈਕਅਪ ਸਬੰਧੀ ਇੱਕ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ 400 ਤੋਂ ਵੱਧ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕਰਕੇ ਟੁੱਟ ਪੇਸਟ ਵੰਡੇ ਗਏ। ਸਕੂਲ ਸਟਾਫ ਅਤੇ ਸਕੂਲ ਦੀ ਪ੍ਰਬੰਧਕੀ ਕਮੇਟੀ ਨੇ ਡਾਕਟਰਾਂ ਦੀ ਟੀਮ ਅਤੇ ਰੋਟਰੀ ਕਲੱਬ ਦੇ ਮੈਂਬਰਾਂ ਦਾ ਸਕੂਲ ਵਿੱਚ ਪਹੁੰਚਣ ਤੇ ਸਵਾਗਤ ਕੀਤਾ।ਇਸ ਕੈਂਪ ਵਿੱਚ ਦੰਦਾਂ ਦੇ ਮਸ਼ਹੂਰ ਡਾਕਟਰ ਰਿਟਾਇਰਡ ਸੀ ਐਮ ਓ ਮੁਹੰਮਦ ਸ਼ਬੀਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੰਦਾਂ ਦੀ ਸਫਾਈ ਸਬੰਧੀ ਜੇਕਰ ਚੰਗੀਆਂ ਆਦਤਾਂ ਬਚਪਨ ਵਿੱਚ ਹੀ ਆਪਣਾ ਲਵਾਂਗੇ ਤਾਂ ਸਾਨੂੰ ਜ਼ਿੰਦਗੀ ਭਰ ਦੰਦਾਂ ਦੀ ਕੋਈ ਸਮੱਸਿਆ ਨਹੀਂ ਆਵੇਗੀ। ਉਹਨਾਂ ਵਿਦਿਆਰਥੀਆਂ ਨੂੰ ਦੰਦਾਂ ਦੀ ਸਫਾਈ ਦੇ ਢੰਗ ਤਰੀਕਿਆਂ ਅਤੇ ਸਾਵਧਾਨੀਆਂ ਬਾਰੇ ਜਾਣੂ ਕਰਵਾਇਆ। ਕੈਂਪ ਦੇ ਮੁੱਖ ਮਹਿਮਾਨ ਸ੍ਰੀ ਦਵਿੰਦਰ ਸਿੰਘ ਸਿੰਦੀ ਬਾਪਲਾ ਨੇ ਕਿਹਾ ਕਿ ਜੇਕਰ ਸਮਾਜ ਸੇਵੀ ਸੰਸਥਾਵਾਂ ਅਤੇ ਸਮਾਜ ਸੇਵਕ ਮਿਲ ਕੇ ਵਿਦਿਆਰਥੀਆਂ ਦੀ ਸਿਹਤ ਅਤੇ ਸਰੀਰਕ ਜਾਂਚ ਸਬੰਧੀ ਕੈਂਪਾਂ ਦਾ ਆਯੋਜਨ ਲਗਾਤਾਰ ਕਰਦੇ ਰਹਿਣ ਤਾਂ ਸਮਾਜ ਦਾ ਇੱਕ ਵੱਡਾ ਵਰਗ ਵੱਖ ਵੱਖ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਿਆ ਰਹੇਗਾ।ਰੋਟਰੀ ਕਲੱਬ ਬਕੋਲਡ ਨਾਰਥ ਦੇ ਪ੍ਰਧਾਨ ਰਵਿੰਦਰ ਸਿੰਘ ਵਿਕ ਅਤੇ ਰੋਟਰੀ ਕਲੱਬ ਮਲੇਰਕੋਟਲਾ ਦੇ ਪ੍ਰਧਾਨ ਡਾਕਟਰ ਸਈਅਦ ਤਨਵੀਰ ਹੁਸੈਨ ਨੇ ਸਾਂਝੇ ਤੌਰ ਤੇ ਕਿਹਾ ਕਿ ਅੱਜ ਦਾ ਡੈਂਟਲ ਚੈਕਅਪ ਕੈਂਪ ਦੋ ਦੇਸ਼ਾਂ ਦੀਆਂ ਰੋਟਰੀ ਕਲੱਬਾਂ ਦਾ ਸਾਂਝਾ ਉਦਮ ਹੈ ਜੋ ਕਿ ਮਲੇਰਕੋਟਲਾ ਵਿੱਚ ਇੱਕ ਨਵੀਂ ਪਹਿਲ ਹੈ ਉਹਨਾਂ ਕਿਹਾ ਕਿ ਭਵਿੱਖ ਵਿੱਚ ਵੀ ਦੋਵੇਂ ਕਲੱਬਾਂ ਮਿਲ ਕੇ ਸਾਂਝੇ ਪ੍ਰੋਜੈਕਟ ਉਲੀਕਦੀਆਂ ਰਹਿਣਗੀਆਂ ਤਾਂ ਕਿ ਸਮਾਜ ਨੂੰ ਵੱਧ ਤੋਂ ਵੱਧ ਲਾਭ ਪਹੁੰਚ ਸਕੇ। ਇਸ ਕੈਂਪ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਸੌਂਧਾ ਸਿੰਘ ਵਾਲਾ, ਸਰਕਾਰੀ ਪ੍ਰਾਇਮਰੀ ਸਕੂਲ ਦਸੌਂਧਾ ਸਿੰਘ ਵਾਲਾ, ਸਰਕਾਰੀ ਮਿਡਲ ਸਕੂਲ ਬਾਪਲਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਬਾਪਲਾ ਦੇ ਵਿਦਿਆਰਥੀਆਂ ਦੇ ਦੰਦਾਂ ਦਾ ਚੈਕਅਪ ਕੀਤਾ ਗਿਆ। ਰੋਟਰੀ ਕਲੱਬ ਮਾਲੇਰਕੋਟਲਾ ਦੇ ਸੈਕਟਰੀ ਐਡਵੋਕੇਟ ਇਕਬਾਲ ਅਹਿਮਦ ਨੇ ਸਕੂਲ ਦੇ ਸਟਾਫ ਅਤੇ ਪੰਚਾਇਤ ਮੈਂਬਰਾਂ ਦਾ ਇਸ ਪ੍ਰੋਜੈਕਟ ਵਿੱਚ ਸਹਿਯੋਗ ਦੇਣ ਦੇ ਲਈ ਧੰਨਵਾਦ ਕੀਤਾ। ਮੰਚ ਦਾ ਸੰਚਾਲਨ ਮਾਸਟਰ ਸੁਖਜੀਤ ਸਿੰਘ ਨੇ ਬੜੇ ਸੁਚੱਜੇ ਢੰਗ ਨਾਲ ਕੀਤਾ। ਇਸ ਮੌਕੇ ਤੇ ਰੋਟਰੀ ਕਲੱਬ ਮਲੇਰਕੋਟਲਾ ਦੇ ਕੈਸ਼ੀਅਰ ਮੁਹੰਮਦ ਜਮੀਲ, ਡਾਕਟਰ ਸਨਾ ਤਨਵੀਰ, ਲੈਕਚਰਰ ਜਗਤਾਰ ਸਿੰਘ, ਬੇਅੰਤ ਸਿੰਘ ਸੇਖੋ, ਕੇਵਲ ਸਿੰਘ, ਸੁਰਜੀਤ ਸਿੰਘ, ਗੁਰਮੀਤ ਸਿੰਘ ਮਨੀਲਾ ਅਤੇ ਗੁਰਬਖਸ਼ ਸਿੰਘ ਬਾਪਲਾ ਵੀ ਹਾਜ਼ਰ ਸਨ।

# ਚਾਈਨਾ ਡੋਰ ਕਾਰਨ ਬੱਚਿਆਂ, ਬਾਈਕ ਸਵਾਰਾਂ, ਬਜ਼ੁਰਗਾਂ ਤੇ ਜਾਨਵਰਾਂ ਨੂੰ ਗੰਭੀਰ ਖਤਰਾ, ਚਾਈਨਾ ਡੋਰ ਦੀ ਵਰਤੋਂ 'ਤੇ ਸਖਤ ਕਾਰਵਾਈ ਦੀ ਮੰਗ

**ਤਪਾ ਮੰਡੀ,10 ਦਸੰਬਰ (ਬੰਟੀ ਦੀਕਸ਼ਿਤ):** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਵੱਲੋ ਪਤੰਗਬਾਜੀ ਸ਼ੁਰੂ ਕਰ ਦਿੱਤੀ ਗਈ ਹੈ,ਬੱਚਿਆਂ ਵੱਲੋਂ ਪਤੰਗਬਾਜ਼ੀ ਦੇ ਸ਼ੌਕ ਨੂੰ ਪੂਰਾ ਕਰਨ ਲਈ ਵਰਤੀ ਜਾਣ ਵਾਲੀ ਚਾਈਨਾ ਡੋਰ ਅੱਜ ਸਮਾਜ ਅਤੇ ਪ੍ਰਸ਼ਾਸਨ ਲਈ ਇਕ ਵੱਡੀ ਚੁਨੌਤੀ ਬਣ ਚੁੱਕੀ ਹੈ।ਚਾਈਨਾ ਡੋਰ ਦੇ ਕਾਰਨ ਨਾ ਸਿਰਫ਼ ਮਾਸੂਮ ਬੱਚੇ,ਪਰ ਬਾਈਕ ਸਵਾਰਾਂ,ਜਾਨਵਰਾਂ ਅਤੇ ਰਾਹਗੀਰਾਂ ਦੀ ਜਾਨ ਨੂੰ ਵੀ ਗੰਭੀਰ ਖ਼ਤਰਾ



ਪੈਦਾ ਹੋ ਰਿਹਾ ਹੈ।ਇਸ ਸਬੰਧ ਵਿੱਚ ਨਗਰ ਕੌਂਸਲ ਦੇ ਪ੍ਰਧਾਨ ਡਾ.ਸੋਨਿਕਾ ਬਾਂਸਲ,ਸ੍ਰੀਮਤੀ ਸਪਨਾ ਗਰਗ, ਸ੍ਰੀਮਤੀ ਰਿਤੂ ਗਰਗ,ਸ੍ਰੀਮਤੀ ਮਿਨੂੰ ਜਿੰਦਲ, ਸ੍ਰੀਮਤੀ ਨੇਹਾ ਗਰਗ,ਸ੍ਰੀਮਤੀ ਨੀਰਜਾ ਮਿੱਤਲ ਨੇ ਪ੍ਰਸ਼ਾਸਨ ਨੂੰ ਸਖ਼ਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।ਉਨਾਂ ਨੇ ਕਿਹਾ ਕਿ ਚਾਈਨਾ ਡੋਰ ਵਿਚ ਵਰਤੈ ਜਾਣ ਵਾਲੇ ਤਿੱਖੇ ਧਾਗੇ ਅਤੇ ਕੈਮਿਕਲ ਸੁਰੱਖਿਆ ਲਈ ਘਾਤਕ ਸਾਬਤ ਹੋ ਰਹੇ ਹਨ।ਹੁਣ ਤੱਕ ਕਈ ਮਾਮਲਿਆਂ ਵਿਚ ਲੋਕਾਂ ਦੀਆਂ ਗਰਦਨਾਂ 'ਤੇ ਚੀਰ ਆਉਣ,ਬਾਈਕ ਸਵਾਰਾਂ ਦੇ ਡਿੱਗਣ ਅਤੇ ਜਾਨਵਰਾਂ ਦੇ ਜ਼ਖ਼ਮੀ ਹੋਣ ਦੇ ਮਾਮਲੇ ਸਾਹਮਣੇ ਆਏ ਹਨ।ਇਹ ਡੋਰ ਸਿਰਫ਼ ਮਜ਼ੇ ਲਈ ਨਹੀਂ,ਬਲਕਿ ਬਿਨਾ ਸੋਚੇ ਸਮਾਜ 'ਚ ਹਾਦਸੇ ਲੈ ਕੇ ਆ ਰਹੀ ਹੈ।ਉਨ੍ਹਾਂ ਨੇ ਕਿਹਾ ਕਿ ਚਾਈਨਾ ਡੋਰ ਦੀ ਵਿੱਕਰੀ 'ਤੇ ਪਹਿਲਾਂ ਹੀ ਪਾਬੰਦੀ ਹੈ ਪਰ ਫਿਰ ਵੀ ਇਹ ਕਾਲੇ ਧੰਦੇ ਵਾਂਗ ਕਈ ਥਾਵਾਂ 'ਤੇ ਚੁੱਪਚਾਪ ਵੇਚੀ ਜਾ ਰਹੀ ਹੈ ਜੋ ਕਿ ਇੱਕ ਚਿੰਤਾ ਦਾ ਵਿਸ਼ਾ ਹੈ।ਇਸ ਲਈ ਜ਼ਰੂਰੀ ਹੈ ਕਿ ਇਸ ਨੂੰ ਵੇਚਣ ਅਤੇ ਵਰਤਣ ਵਾਲਿਆਂ ਨੂੰ ਸਖ਼ਤ ਕਾਨੂੰਨੀ ਕਾਰਵਾਈ ਦੇ ਦਾਇਰੇ ਵਿੱਚ ਲਿਆਇਆ ਜਾਵੇ।ਉਨਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਪਤੰਗ ਉਡਾਉਣ ਸਮੇਂ ਸੁਰੱਖਿਆ ਬਾਰੇ ਜ਼ਰੂਰ ਸਮਝਾਉਣ ਅਤੇ ਚਾਈਨਾ ਡੋਰ ਦੇ ਇਸਤੇਮਾਲ ਤੋਂ ਬਚਣ ਲਈ ਪ੍ਰੇਰਿਤ ਕਰਨ ਤਾ ਕਿ ਕਿਸੇ ਦਾ ਵੀ ਜਾਨੀ ਮਾਲੀ ਨੁਕਸਾਨ ਨਾ ਹੋਵੇ।

# ਬਲਾਕ ਸੰਮਤੀ ਉਮੀਦਵਾਰ ਸ਼ਨੀ ਲੱਖੋਵਾਲ ਦੀ ਪਿੰਡ ਲੱਖੋਵਾਲ ਕਲਾਂ ਵਾਸੀਆਂ ਨੇ ਕੀਤੀ ਪੂਰੀ ਹਮਾਇਤ, ਕਿਹਾ ਵੱਡੀ ਲੀਡ ਨਾਲ ਜਿਤਾਵਾਂਗੇ

**ਮਾਛੀਵਾੜਾ ਸਾਹਿਬ 10 ਦਸੰਬਰ (ਮਾਸਟਰ ਸਤੀਸ਼ ਕੁਮਾਰ)** ਬਲਾਕ ਮਾਛੀਵਾੜਾ ਦੇ ਬਲਾਕ ਸੰਮਤੀ ਜੋਨ ਪੰਜਗਰਾਈਆਂ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਕੁਲਵਿੰਦਰ ਸਿੰਘ ਸ਼ਨੀ ਲੱਖੋਵਾਲ ਦੀ ਚੋਣ ਮੁਹਿੰਮ ਵਿੱਚ ਪਿੰਡ ਲੱਖੋਵਾਲ ਕਲਾ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਪਿੰਡ ਵਾਸੀਆਂ ਨੇ ਕਿਹਾ ਕਿ ਪਿੰਡ ਦਾ



ਨੌਜਵਾਨ ਰਾਜਨੀਤੀ ਵਿੱਚ ਤੇਜ਼ੀ ਨਾਲ ਅੱਗੇ ਵੱਧ ਰਿਹਾ ਸੋ ਸਮੁੱਚਾ ਪਿੰਡ ਉਸ ਦਾ ਹਰ ਪੱਖੋਂ ਸਹਿਯੋਗ ਕਰੇਗਾ ਅਤੇ ਪਿੰਡ ਵਿੱਚੋਂ ਵੱਡੀ ਲੀਡ ਨਾਲ ਜਿਤਾਵੇਗਾ । ਦੱਸ ਦੇ ਬਲਾਕ ਸੰਮਤੀ ਉਮੀਦਵਾਰ ਕੁਲਵਿੰਦਰ ਸਿੰਘ ਸ਼ਨੀ ਲੱਖੋਵਾਲ ਨੇ ਪਿੰਡ ਵਾਸੀਆਂ ਦਾ ਧੰਨਵਾਦ ਪ੍ਰਗਟ ਕਰਦਿਆਂ ਭਰੋਸਾ ਦਿਵਾਇਆ ਕਿ ਜਿਵੇਂ ਉਹਨਾਂ ਪਿੰਡ ਦੀ ਬਾਗਡੋਰ ਉਹਨਾਂ ਦੀ ਧਰਮ ਪਤਨੀ ਨੂੰ ਸਰਪੰਚੀ ਦੇ ਕੇ ਸੰਭਾਲੀ ਹੈ , ਉਹ ਪਿੰਡ ਦੇ ਵਿਕਾਸ ਕਾਰਜਾਂ ਵਿੱਚ ਜੁਟੇ ਹੋਏ ਹਨ ਹੁਣ ਉਹਨਾਂ ਨੂੰ ਬਤੌਰ ਬਲਾਕ ਸੰਮਤੀ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਉਤਾਰ ਕੇ ਪਿੰਡ ਵਾਸੀਆਂ ਉਸ ਤੇ ਇੱਕ ਹੋਰ ਵੱਡਾ ਅਹਿਸਾਨ ਕੀਤਾ ਹੈ ਜਿਸ ਦੇ ਉਹ ਸਦਾ ਰਿਣੀ ਰਹਿਣਗੇ। ਇਸ ਮੌਕੇ ਉਹਨਾਂ ਪਿੰਡ ਦੇ ਹਰ ਘਰ ਵਿੱਚ ਜਾ ਕੇ ਵੋਟਰਾਂ ਨਾਲ ਸੰਪਰਕ ਕੀਤਾ ਅਤੇ 14 ਦਸੰਬਰ ਨੂੰ ਇੱਕ-ਇੱਕ ਵੋਟ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਪਰਿਸ਼ਦ ਉਮੀਦਵਾਰ ਹਰਜੋਤ ਸਿੰਘ ਮਾਂਗਟ ਅਤੇ ਖੁਦ ਨੂੰ (ਸਨੀ ਲੱਖੋਵਾਲੀਏ ) ਨੂੰ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਘਰ ਘਰ ਵੋਟਰਾਂ ਨਾਲ ਸੰਪਰਕ ਕਰਨ ਸਮੇਂ ਕੁਲਵਿੰਦਰ ਸਿੰਘ ਸ਼ਨੀ ਦੇ ਨਾਲ ਜਥੇਦਾਰ ਚਰਨਜੀਤ ਸਿੰਘ ਝੱਜ, ਪ੍ਰਧਾਨ ਜਗਦੀਪ ਸਿੰਘ ,ਅਮਰਿੰਦਰ ਸਿੰਘ ਸੰਧੂ, ਕੁਲਵੀਰ ਸਿੰਘ ਉਟਾਲ, ਗੁਰਜੀਤ ਸਿੰਘ ,ਇੰਦਰਜੀਤ ਸਿੰਘ, ਮਲਕੀਤ ਸਿੰਘ, ਪ੍ਰਕਾਸ਼ ਸਿੰਘ, ਕਰਨੈਲ ਸਿੰਘ, ਦਲਜੀਤ ਸਿੰਘ, ਸ਼ਿੰਦਰਪਾਲ ਸਿੰਘ, ਸਾਦਲ ਸਿੰਘ ,ਪਰਮਜੀਤ ਸਿੰਘ ਪੰਮੀ, ਨਿਰਮਲ ਸਿੰਘ, ਗੁਰਮੀਤ ਸਿੰਘ, ਕੁਲਦੀਪ ਸਿੰਘ, ਬੂਟਾ ਸਿੰਘ, ਜਰਨੈਲ ਸਿੰਘ, ਪ੍ਰਧਾਨ ਮਹਿੰਦਰ ਸਿੰਘ, ਰਵੀ ਮਾਨ, ਗੁਰਪ੍ਰੀਤ ਸਿੰਘ, ਬਲਜੀਤ ਸਿੰਘ, ਗੁਰਪ੍ਰੀਤ ਸਿੰਘ ਝੱਜ, ਹਰਜਿੰਦਰ ਸਿੰਘ, ਸੁਰਜੀਤ ਸਿੰਘ, ਜਗੀਰ ਸਿੰਘ, ਗੋਪੀ, ਮੰਗਲ ਸਿੰਘ, ਅਮਨਦੀਪ ਸਿੰਘ, ਡਾਕਟਰ ਜੋਗਿੰਦਰ ਰਾਮ, ਅਤੇ ਜਗੀਰ ਸਿੰਘ ਵੀ ਮੌਜੂਦ ਸਨ।

# ਜ਼ਿਲ੍ਹਾ ਪਰਿਸ਼ਦ ਕਾਂਗਰਸ ਉਮੀਦਵਾਰ ਸੁਖਦੀਪ ਬਾਜਵਾ ਤੇ ਬਲਾਕ ਸੰਮਤੀ ਉਮੀਦਵਾਰ ਭਿੰਦਰ ਕੌਰ ਨੂੰ ਪਿੰਡਾਂ ਵਿੱਚ ਮਿਲ ਰਿਹਾ ਭਰਵਾਂ ਹੁੰਗਾਰਾ



**ਮਾਛੀਵਾੜਾ ਸਾਹਿਬ 10 ਦਸੰਬਰ (ਮਾਸਟਰ ਸਤੀਸ਼ ਕੁਮਾਰ)** ਪੰਜਾਬ ਵਿੱਚ ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਦਾ ਇਸ ਸਮੇਂ ਚੋਣ ਮੈਦਾਨ ਪੂਰੀ ਤਰ੍ਹਾਂ ਭੱਖ ਚੁੱਕਿਆ ਹੈ। ਸਾਰੀਆਂ ਪਾਰਟੀਆਂ ਵੱਲੋਂ ਜਿੱਤ ਹਾਸਿਲ ਕਰਨ ਦੇ ਲਈ ਲਗਾਤਾਰ ਪਿੰਡਾਂ ਵਿੱਚ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸੇ ਤਹਿਤ ਨੀਲੋਂ ਜੋਨ ਤੋਂ ਜ਼ਿਲ੍ਹਾ ਪਰਿਸ਼ਦ ਕਾਂਗਰਸੀ ਉਮੀਦਵਾਰ ਸੁਖਦੀਪ ਸਿੰਘ ਬਾਜਵਾ, ਅਤੇ ਜੋਨ ਨੰਬਰ 6 ਚੱਕਲੀ ਆਦਲ ਤੋਂ ਬਲਾਕ ਸੰਮਤੀ ਉਮੀਦਵਾਰ ਭਿੰਦਰ ਕੌਰ ਵੱਲੋਂ ਵੀ ਪਿੰਡ ਮਿੱਠੇਵਾਲ, ਸਹਿਬਾਜਪੁਰ ਚੱਕਲੀ ਆਦਲ, ਟਾਂਡਾ ਕਾਲੀਆ ਆਦਿ ਵਿੱਚ ਤੂਫਾਨੀ ਦੌਰੇ ਕੀਤੇ ਜਾ ਰਹੇ ਹਨ। ਸੁਖਦੀਪ ਸਿੰਘ ਬਾਜਵਾ ਅਤੇ ਸਰਪੰਚ ਗੁਰਦੇਵ ਸਿੰਘ ਧਨੂੰਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪਿੰਡਾਂ ਵਿੱਚੋਂ ਕਾਂਗਰਸ ਪਾਰਟੀ ਨੂੰ ਅਥਾਹ ਪਿਆਰ ਮਿਲ ਰਿਹਾ ਹੈ। ਲੋਕ ਆਪ ਮੁਹਾਰੇ ਕਾਂਗਰਸ ਪਾਰਟੀ ਨੂੰ ਜਿਤਾਉਣ ਲਈ ਉਤਾਵਲੇ ਹਨ। ਉਹਨਾਂ ਨੇ ਕਿਹਾ ਕਿ ਸੱਤਾਧਾਰੀ ਪਾਰਟੀ ਵੱਲੋਂ ਕੀਤੇ ਗਏ ਵਾਅਦਿਆਂ ਤੋਂ ਲੋਕ ਜਾਣੂ ਹੋ ਚੁੱਕੇ ਹਨ। ਸੱਤਾਧਾਰੀ ਪਾਰਟੀ ਵੱਲੋਂ ਕੀਤੇ ਹੋਏ ਵਾਅਦੇ ਅਜੇ ਤੱਕ ਕੋਈ ਵੀ ਪੂਰੇ ਨਹੀਂ ਹੋ ਸਕੇ। ਆਮ ਆਦਮੀ ਪਾਰਟੀ ਦੀ ਕਹਿਣੀ ਅਤੇ ਕਰਨੀ ਵਿੱਚ ਬਹੁਤ ਫਰਕ ਨਜ਼ਰ ਆ ਰਿਹਾ ਹੈ ਜੋ ਕਿ ਇਲਾਕੇ ਦੇ ਲੋਕ ਭਲੀ ਭਾਂਤ ਜਾਣਦੇ ਹਨ। ਉਹਨਾਂ ਨੇ ਇਲਾਕੇ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਦੇ ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਉਮੀਦਵਾਰ ਨੂੰ ਜਿਤਾਓ ਤਾਂ ਕਿ ਪਿੰਡਾਂ ਦਾ ਵਿਕਾਸ ਵੱਡੇ ਪੱਧਰ ਤੇ ਹੋ ਸਕੇ। ਉਹਨਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਹੀ ਲੋਕਾਂ ਦੇ ਮੋਢੇ ਨਾਲ ਮੋਢਾ ਲਾ ਕੇ ਚੱਲਣ ਵਾਲੀ ਪਾਰਟੀ ਹੈ। ਉਹਨਾਂ ਨੇ ਕਿਹਾ ਕਿ ਆਉਣ ਵਾਲੀ 14 ਦਸੰਬਰ ਨੂੰ ਇੱਕ-ਇੱਕ ਵੋਟ ਕਾਂਗਰਸ ਪਾਰਟੀ ਦੇ ਬਲਾਕ ਸੰਮਤੀ ਉਮੀਦਵਾਰ ਭਿੰਦਰ ਕੌਰ ਅਤੇ ਜ਼ਿਲ੍ਹਾ ਪਰਿਸ਼ਦ ਉਮੀਦਵਾਰ ਸੁਖਦੀਪ ਸਿੰਘ ਬਾਜਵਾ ਨੂੰ ਪਾ ਕੇ ਕਾਮਯਾਬ ਬਣਾਓ, ਕਾਂਗਰਸ ਪਾਰਟੀ ਦੀ ਕਾਮਯਾਬੀ ਹੀ ਪੰਜਾਬ ਦੇ ਪਿੰਡਾਂ ਦੀ ਕਾਮਯਾਬੀ ਹੋਵੇਗੀ। ਉਹਨਾਂ ਨੇ ਕਿਹਾ ਕਿ ਪਿੰਡਾਂ ਵਿੱਚ ਕਾਂਗਰਸ ਪਾਰਟੀ ਦੀਆਂ ਨੁੱਕੜ ਮੀਟਿੰਗਾਂ ਰੈਲੀਆਂ ਦਾ ਰੂਪ ਧਾਰਨ ਕਰ ਰਹੀਆਂ ਹਨ ,ਜਿਸ ਕਾਰਨ ਵਿਰੋਧੀਆਂ ਦੀ ਨੀਂਦ ਉੱਡੀ ਹੋਈ ਹੈ। ਲੋਕ ਸੱਤਾਧਾਰੀ ਪਾਰਟੀ ਨੂੰ ਧੱਕੇ ਦਾ ਜਵਾਬ ਵੋਟਾਂ ਪਾ ਕੇ ਦੇਣਗੇ। ਇਸ ਮੌਕੇ ਬਲਵੀਰ ਸਿੰਘ, ਕੁਲਵਿੰਦਰ ਸਿੰਘ, ਹਾਕਮ ਸਿੰਘ ਟਾਂਡਾ, ਦਵਿੰਦਰ ਸਿੰਘ, ਬਚਿੱਤਰ ਸਿੰਘ, ਜੋਰਾ ਸਿੰਘ, ਅਰਸ਼, ਕੁਲਦੀਪ ਸਿੰਘ, ਨਵਦੀਪ ਸਿੰਘ, ਬਲਦੇਵ ਰਾਜ, ਬੱਗੀ ,ਬਿੱਟੂ ,ਬਲਜੀਤ ਸਿੰਘ, ਹੈਪੀ, ਸੁੱਚਾ ਸਿੰਘ, ਪਿੱਪਲ ਸਿੰਘ, ਜਰਨੈਲ ਸਿੰਘ, ਗੁਲਜਾਰ ਸਿੰਘ, ਪ੍ਰਿਤਪਾਲ ਸਿੰਘ ,ਰਮਨਦੀਪ ਸਿੰਘ, ਕਿਰਪਾਲ ਸਿੰਘ ,ਸ਼ੇਰ ਸਿੰਘ, ਸ਼ਰਨ ,ਬੱਗੀ, ਨਿਸ਼ਾਨ ਸਿੰਘ ,ਪਲਵਿੰਦਰ ਸਿੰਘ, ਵਿੱਕੀ ਗਿੱਲ, ਰੂਬਲ, ਧਰਮਾ ,ਜੋਧਾ ਸਿੰਘ , ਨਿੱਕਾ ਸਿੰਘ, ਅਸ਼ੋਕ, ਰਵੀ ਸਿੰਘ, ਕਿਰਪਾਲ ਸਿੰਘ ,ਗੋਲਡੀ, ਮਨਜੀਤ ਸਿੰਘ, ਸੋਨੂ, ਗੁਰਦੀਪ ਸਿੰਘ, ਰਾਮ ਸਿੰਘ, ਮੇਜਰ ਸਿੰਘ, ਜਿੰਦਰ ਸਿੰਘ, ਮੋਨੂ, ਬਿੱਟੂ, ਮਲਕੀਤ ਸਿੰਘ, ਸੁੱਚਾ ਸਿੰਘ, ਗੁਰਦੀਪ ਸਿੰਘ, ਹਰਜੀਤ ਸਿੰਘ, ਸੰਜੀਵ ਕੁਮਾਰ ਰਿਸ਼ੀ ,ਸਚਿਨ, ਸਾਹਿਬ ਸਿੰਘ ,ਮਨਜੀਤ ਸਿੰਘ ਵੀ ਹਾਜ਼ਰ ਸਨ।

ਮੁਦਰਕ, ਪ੍ਰਕਾਸ਼ਕ ਅਤੇ ਸਵਾਮੀ ਰਵੀਨਾ ਰਾਣੀ ਨੇ ਪੁਸ਼ਪਕ ਪ੍ਰਿੰਟਰ, ਚੱਕ ਰੋਡ ਨੇੜੇ ਖਾਲਸਾ ਸਕੂਲ, ਸ੍ਰੀ ਮੁਕਤਸਰ ਸਾਹਿਬ ਤੋਂ ਛਪਵਾ ਕੇ ਮਾਲਵਾ ਬਾਣੀ ਦਫਤਰ, ਖੱਡੀਆਂ ਵਾਲੀ ਗਲੀ, ਹਾਊਸ ਨੰਬਰ 1740 , ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਰਵੀਨਾ ਰਾਣੀ
Rni.PUNPUN/2022/85964

# ਮੁਕਤਸਰ ਬਲਾਕ -2 ਦੇ ਰਾਣੀ ਲਕਸ਼ਮੀ ਬਾਈ ਆਤਮ ਰੱਖਿਆ ਦੋ ਰੋਜ਼ਾ ਪ੍ਰਤਿਯੋਗਿਤਾ ਦਾ ਆਯੋਜਨ





**ਸ੍ਰੀ ਮੁਕਤਸਰ ਸਾਹਿਬ 10 ਦਸੰਬਰ (ਮਾਲਵਾ ਬਾਣੀ)** ਪ੍ਰਿੰਸੀਪਲ- ਕਮ-ਨੋਡਲ ਅਫਸਰ ਸ੍ਰੀ ਸੁਭਾਸ਼ ਚੰਦਰ ਝਾਂਬ ਜੀ ਦੀ ਯੋਗ ਅਗਵਾਈ ਵਿੱਚ ਪੀ ਐਮ ਸ਼੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਮੁਕਤਸਰ ਸਾਹਿਬ ਵਿਖੇ ਬਲਾਕ-2 ਦੇ ਰਾਣੀ ਲਕਸ਼ਮੀ ਬਾਈ ਆਤਮ ਰੱਖਿਆ ਦੋ ਰੋਜ਼ਾ ਪ੍ਰਤਿਯੋਗਿਤਾ ਅੱਠ ਅਤੇ ਨੌ ਦਸੰਬਰ ਨੂੰ ਆਯੋਜਿਤ ਕੀਤੀ ਗਈ। ਮੁਕਾਬਲੇ ਦੋ ਭਾਗਾਂ ਵਿੱਚ ਕਰਵਾਏ ਗਏ । ਪਹਿਲੇ ਭਾਗ ਵਿੱਚ ਛੇਵੀਂ ਤੋਂ ਅੱਠਵੀਂ ਸ਼੍ਰੇਣੀ ਦੇ ਵਿਦਿਆਰਥੀ ਵਿਦਿਆਰਥਣਾਂ ਅਤੇ ਦੂਜੇ ਭਾਗ ਵਿੱਚ ਨੌਵੀਂ ਤੋਂ ਬਾਰਵੀਂ ਸ਼੍ਰੇਣੀ ਦੀਆਂ ਵਿਦਿਆਰਥਣਾਂ ਸ਼ਾਮਿਲ ਸਨ। ਇਹਨਾਂ ਮੁਕਾਬਲਿਆਂ ਵਿੱਚ ਮੁਕਤਸਰ ਬਲਾਕ -2 ਦੇ ਵੱਖ -ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਵਿਦਿਆਰਥੀਆਂ ਲਈ ਰਿਫਰੈਸ਼ਮੈਂਟ ਅਤੇ ਅਧਿਆਪਕਾਂ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਤੇ ਇਸ ਮੌਕੇ ਡਿਊਟੀ ਦੌਰਾਨ ਰਮਨਦੀਪ ਕੌਰ ਲੈਕਚਰਾਰ ਸਰੀਰਕ ਸਿੱਖਿਆ ,ਪਰਮਿੰਦਰ ਕੌਰ, ਅਮਿਤ ਕੁਮਾਰ, ਸੁਖਵਿੰਦਰ ਕੌਰ, ਕੁਲਵਿੰਦਰ ਕੌਰ, ਹਰਪ੍ਰੀਤ ਕੌਰ ,ਮਨਦੀਪ ਸਿੰਘ ਗੁਰਦੀਪ ਕੌਰ, ਅਮਨਦੀਪ ਕੌਰ,ਨੇਹਾ,ਗੌਰਵ ਮਿਗਲਾਨੀ ( ਕੋਚ) ਆਦਿ ਹਾਜ਼ਰ ਸਨ। ਇਸ ਮੌਕੇ ਤੇ ਜੇਤੂ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਸ੍ਰੀ ਸੁਭਾਸ਼ ਚੰਦਰ ਜੀ ਝਾਂਬ , ਸ਼ਮਿੰਦਰ ਬੱਤਰਾ ,ਗੁਰਪ੍ਰੀਤ ਸਿੰਘ ਜੀ ਖੀਵਾ ,ਸ੍ਰੀਮਤੀ ਸੰਤੋਸ਼ ਕੁਮਾਰੀ ਨੇ ਵਿਦਿਆਰਥੀਆਂ ਨੂੰ ਤਮਗੇ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਅੰਤ ਵਿੱਚ ਇਹ ਮੁਕਾਬਲੇ ਯਾਦਗਾਰੀ ਹੋ ਨਿਬੜੇ।

# ਬ੍ਰਹਮਕੁਮਾਰੀਜ ਆਸ਼ਰਮ ਨੇ ਕੀਤਾ ਪ੍ਰਭਾਤ ਫੇਰੀ ਦਾ ਭਰਵਾਂ ਸੁਆਗਤ



**ਭੀਖੀ, 10 ਦਸੰਬਰ (ਸੰਦੀਪ ਤਾਇਲ/ ਅਜੈ ਸ਼ਰਮਾ)** ਜੈ ਕਾਲੀ ਮਾਤਾ ਚੈਰੀਟੇਬਲ ਐਂਡ ਵੈਲਫੇਅਰ ਕਮੇਟੀ ਭੀਖੀ ਵਲੋਂ ਸਲਾਨਾ ਮੂਰਤੀ ਸਥਾਪਨਾ ਸਮਾਰੋਹ ਦੇ ਸਬੰਧ ਵਿੱਚ ਪ੍ਰਭਾਤ ਫੇਰੀਆਂ ਕੱਢੀਆਂ ਜਾ ਰਹੀਆਂ ਜਿਸਦਾ ਅੱਜ ਬ੍ਰਹਮਕੁਮਾਰੀਜ ਆਸ਼ਰਮ ਭੀਖੀ ਵਲੋਂ ਭਰਵਾਂ ਸੁਆਗਤ ਕੀਤਾ ਗਿਆ। ਇਸ ਮੌਕੇ ਆਸ਼ਰਮ ਦੀ ਸੰਚਾਲਿਕਾ ਦੀਦੀ ਰੁਪਿੰਦਰ ਅਤੇ ਦੀਦੀ ਸਪਨਾ ਨੇ ਕਿਹਾ ਕਿ ਸਾਨੂੰ ਸਭ ਧਰਮਾਂ ਦਾ ਸਨਮਾਨ ਕਰਨਾ ਚਾਹੀਦਾ ਹੈ ਕਿਉਂਕਿ ਹਰੇਕ ਧਰਮ ਦਾ ਮੁੱਖ ਟੀਚਾ ਅਤੇ ਮੂਲ ਸਾਰ ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਨਾ ਹੈ ਭਾਵੇਂ ਉਨਾਂ ਦੀ ਤਰੀਕੇ ਵੱਖ ਵੱਖ ਹਨ। ਸਾਰੇ ਧਰਮਾਂ ਦਾ ਉਦੇਸ਼ ਮਨੁੱਖ ਨੂੰ ਅਧਿਆਤਮਿਕ ਰੂਪ ਵਿੱਚ ਉੱਚਾ ਚੁੱਕਣਾ, ਉਸਨੂੰ ਆਤਮ ਗਿਆਨ ਦੇਣਾ ਅਤੇ ਉਸਨੂੰ ਪਿਆਰ, ਸ਼ਾਂਤੀ ਅਤੇ ਦਿਆਲੂ ਬਨਣ ਦਾ ਗਿਆਨ ਦੇਣਾ ਹੈ। ਇਸ ਮੌਕੇ ਉਨਾਂ ਧਰਮ ਤੋਂ ਉੱਪਰ ਉਠ ਕੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਮੰਦਿਰ ਕਮੇਟੀ ਨੂੰ ਮਾਣ ਬਖਸ਼ਣ ਲਈ ਉਨਾਂ ਬ੍ਰਹਮਕੁਮਾਰੀਜ ਆਸ਼ਰਮ ਸੰਚਾਲਿਕਾ ਦਾ ਧੰਨਵਾਦ ਕੀਤਾ ਅਤੇ ਮੰਦਿਰ ਕਮੇਟੀ ਦੇ ਅਹੁਦੇਦਾਰਾਂ ਵਲੋਂ ਉਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਤੋਂ ਇਲਾਵਾ ਅੱਜ ਡਾ. ਸੁਸ਼ੀਲ ਸ਼ਾਰਦਾ, ਮਾ. ਸਤੀਸ਼ ਕੁਮਾਰ, ਭਾਜਪਾ ਆਗੂ ਅਮਨ ਬਿੰਦਲ ਦੇ ਪਰਿਵਾਰ ਵਲੋਂ ਵੀ ਪ੍ਰਭਾਤ ਫੇਰੀ ਦਾ ਸਵਾਗਤ ਕੀਤਾ ਗਿਆ। ਪ੍ਰਭਾਤ ਫੇਰੀ ਦੌਰਾਨ ਚੇਅਮਰੈਨ ਵਿਵੇਕ ਜੈਨ ਬੱਬੂ, ਪ੍ਰਧਾਨ ਅਮਨ ਮਿੱਤਲ, ਉਪ ਪ੍ਰਧਾਨ ਰਵਿੰਦਰ ਗਰਗ ਮੋੜੀਗੱਡ, ਸਕੱਤਰ ਦੀਪੂ ਅਲੀਸ਼ੇਰ, ਸੌਰਵ ਮਿੱਤਲ ਉਪ ਸਕੱਤਰ, ਪ੍ਰੈਸ ਸਕੱਤਰ ਜਤਿੰਦਰ ਵਿੱਕੀ ਮੋੜੀਗੱਡ, ਰਿੰਕੂ ਗੋਇਲ, ਜਤਿਨ ਗੋਇਲ, ਜਗਭੂਸ਼ਨ ਗੋਇਲ, ਸ਼ੰਟੂ ਮੈਂਬਰ, ਵਰਿੰਦਰ ਜਿੰਦਲ, ਸੁਰੇਸ਼ ਕੁਮਾਰ ਸ਼ਸ਼ੀ, ਪੱਪੀ ਸਾਊਂਡ, ਚਿੰਕੂ ਸਿੰਗਲਾ, ਨਿਤਿਨ ਕੁਮਾਰ, ਮਾ. ਮਨੋਜ ਸਿੰਗਲਾ, ਠੇਕੇਦਾਰ ਅਸ਼ੋਕ ਕੁਮਾਰ ਬੱਗਾ, ਹਨੂੰਮਾਨ ਮੰਦਿਰ ਕਮੇਟੀ ਦੇ ਪ੍ਰਧਾਨ ਹਰਬੰਸ ਬਾਂਸਲ, ਵਿੱਕੀ ਮਿੱਤਲ, ਕੁਲਦੀਪ ਸਿੰਗਲਾ, ਗੁਲਸ਼ਨ ਮਿੱਤਲ, ਹਰਸ਼ ਕੁਮਾਰ ਸਿੰਗਲਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜਰ ਸਨ।

# ਜਲਾਲਾਬਾਦ ਦੀ ਬਾ.ਗ ਕਲੋਨੀ ਵਿੱਚ ਦਿਵਯ ਜਯੋਤੀ ਜਾਗਰਤੀ ਸੰਸਥਾਨ ਵੱਲੋਂ ਸ਼੍ਰੀ ਹਰੀ ਚਰਚਾ ਸਮਾਗਮ ਆਯੋਜਿਤ

**ਜਲਾਲਾਬਾਦ 10 ਦਸੰਬਰ (ਗਗਨ ਵਾਟਸ)** ਦਿਵਯ ਜਯੋਤੀ ਜਾਗਰਤੀ ਸੰਸਥਾਨ ਵੱਲੋਂ ਬਾਗ਼ ਕਲੋਨੀ ਜਲਾਲਾਬਾਦ ਵਿੱਚ ਇੱਕ ਸ਼ਾਂਤੀਮਈ ਅਤੇ ਪ੍ਰੇਰਣਾਦਾਇਕ ਸ਼੍ਰੀ ਹਰੀ ਚਰਚਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਥਾਨਕ ਸੰਗਤ ਵੱਡੀ ਗਿਣਤੀ ਵਿੱਚ ਸ਼ਾਮਲ ਹੋਈ। ਸਮਾਗਮ ਨੇ ਆਤਮਿਕ ਉਤਸ਼ਾਹ, ਭਗਤੀ ਅਤੇ ਅੰਤਰਿਕ ਸ਼ਾਂਤੀ ਦਾ ਵਿਸ਼ੇਸ਼ ਮਾਹੌਲ ਰਚ ਦਿੱਤਾ।



ਸਮਾਗਮ ਦੌਰਾਨ ਸਰਵਸ਼੍ਰੀ ਆਸ਼ੁਤੋਸ਼ ਮਹਾਰਾਜ ਜੀ ਦੀ ਪਰਮ ਸ਼ਿਸ਼ ਸਾਧਵੀ ਸੁਸ਼੍ਰੀ ਵੰਦਨਾ ਭਾਰਤੀ ਜੀ ਨੇ ਆਪਣੇ ਅਤਿ-ਗਹਿਰੇ ਅਤੇ ਜੀਵਨ-ਪਰਿਵਰਤਨਕ ਵਿਚਾਰਾਂ ਦੇ ਜ਼ਰੀਏ ਸੰਗਤ ਨੂੰ ਆਤਮਿਕ ਯਾਤਰਾ ਦੇ ਸੱਚੇ ਮਕਸਦ ਨਾਲ ਜੋੜਿਆ। ਉਨ੍ਹਾਂ ਨੇ ਕਿਹਾ ਕਿ ਮਨੁੱਖਾ ਜਨਮ ਕੋਈ ਆਮ ਜਨਮ ਨਹੀਂ, ਬਲਕਿ ਆਤਮਾ ਲਈ ਇੱਕ ਦਿਵਿਆ ਮੌਕਾ ਹੈ, ਜਿਸ ਵਿੱਚ ਉਹ ਆਪਣੇ ਅਸਲੀ ਸਰੂਪ ਦੀ ਪਹਿਚਾਣ ਕਰ ਸਕਦੀ ਹੈ। ਪਰ ਦੁੱਖ ਹੈ ਕਿ ਆਧੁਨਿਕ ਮਨੁੱਖ ਸੰਸਾਰਿਕ ਦੌੜ-ਭੱਜ ਵਿੱਚ ਆਪਣੀ ਇਸ ਕੀਮਤੀ ਜ਼ਿੰਦਗੀ ਨੂੰ ਵਿਅਰਥ ਗਵਾ ਰਿਹਾ ਹੈ।

ਇਸ ਤੋਂ ਬਾਅਦ ਸਾਧਵੀ ਰਿਤੇਸ਼ਵਰੀ ਭਾਰਤੀ ਜੀ ਨੇ ਭਾਵਪੂਰਨ ਬੋਲਾਂ ਰਾਹੀਂ ਕਿਹਾ ਕਿ ਪੂਰਨ ਸਤਿਗੁਰੂ ਹੀ ਮਨੁੱਖੀ ਜੀਵਨ ਦੀ ਮਹਾਨਤਾ ਨੂੰ ਸਮਝਾਉਂਦੇ ਹਨ ਅਤੇ ਅੰਦਰਲੇ ਦਿਵਿਆ ਪ੍ਰਕਾਸ਼ ਨੂੰ ਜਗਾਉਂਦੇ ਹਨ। ਉਨ੍ਹਾਂ ਨੇ ਸੰਗਤ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਸਤਿਗੁਰੂ ਦੀ ਕਿਰਪਾ ਨਾਲ ਜੇ ਮਨੁੱਖ ਆਪਣੇ ਅੰਦਰ ਦੀ ਜੋਤਿ ਨੂੰ ਜਗਾ ਲੈਂਦਾ ਹੈ, ਤਾਂ ਹਰ ਪਲ ਆਨੰਦਮਈ ਹੋ ਜਾਂਦਾ ਹੈ ਅਤੇ ਮਨੁੱਖਾ ਜਨਮ ਸਾਰਥਕ ਹੋ ਜਾਂਦਾ ਹੈ। ਸਮਾਗਮ ਵਿੱਚ ਮੋਰਨਿੰਗ ਕਲੱਬ ਵੈਲਫੇਅਰ ਸੋਸਾਇਟੀ ਜਲਾਲਾਬਾਦ ਦੇ ਮੈਂਬਰਾਂ ਨੇ ਵੀ ਵਿਸ਼ੇਸ਼ ਤੌਰ 'ਤੇ ਭਾਗ ਲਿਆ ਅਤੇ ਨਾਚ-ਗੀਤ ਰਾਹੀਂ ਭਗਵਾਨ ਦੇ ਚਰਨਾਂ ਵਿੱਚ ਭਾਵਾਂ ਦੀ ਅਰਪਣਾ ਕੀਤੀ। ਅੰਤ ਵਿੱਚ ਸਾਧਵੀ ਪ੍ਰੀਤੀ ਭਾਰਤੀ ਜੀ ਵਲੋਂ ਭਜਨ ਕੀਰਤਨ ਦੀ ਸੁਰੀਲੀ ਧੁਨੀਆਂ ਨੇ ਪੂਰੇ ਮੰਚ ਨੂੰ ਪਵਿੱਤਰਤਾ ਅਤੇ ਸ਼ਾਂਤੀ ਨਾਲ ਭਰ ਦਿੱਤਾ।

# ਮਾਨਵ ਸੇਵਾ ਉੱਤਮ ਸੇਵਾ ਸੰਸਥਾ ਨਾਭਾ ਵੱਲੋਂ ਵਿਦਿਆਰਥੀ ਦੀ ਫੀਸ ਭਰ ਕੇ ਕੀਤੀ ਮਾਲੀ ਸਹਾਇਤਾ



**ਨਾਭਾ, 10 ਦਸੰਬਰ (ਅਮਨ ਗਰਗ)** ਮਾਨਵ ਸੇਵਾ ਉੱਤਮ ਸੇਵਾ (ਸਟੇਟ ਐਵਾਰਡੀ) ਸੰਸਥਾ ਦੇ ਮੈਂਬਰਾਂ ਦਾ ਇੱਕ ਹੀ ਮਕਸਦ ਲੋੜਵੰਦਾਂ ਦੀ ਮਦਦ ਕਰਨਾ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਅਤੇ ਸੁਨੀਲ ਗੁਪਤਾ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਉਹਨਾਂ ਕਿਹਾ ਕਿ ਗੁਰਬੀਰ ਸਿੰਘ ਨਾਮ ਦਾ ਇੱਕ ਬੱਚਾ ਮਾਲਵਾ ਸਕੂਲ ਨਾਭਾ ਵਿੱਚ ਨੌਵੀਂ ਜਮਾਤ ਵਿੱਚ ਪੜ੍ਹਦਾ ਹੈ। ਇਸ ਵਿਦਿਆਰਥੀ ਦੇ ਪਿਤਾ ਬਲਜੀਤ ਸਿੰਘ ਅਤੇ ਮਾਤਾ ਅਮਨਦੀਪ ਕੌਰ ਵੱਲੋਂ ਸੰਸਥਾ ਦੇ ਮੈਂਬਰਾਂ ਨੂੰ ਕੁਝ ਸਮਾਂ ਪਹਿਲਾਂ ਬੇਨਤੀ ਕੀਤੀ ਗਈ ਸੀ ਕਿ ਅਸੀਂ ਆਪਣੇ ਬੱਚੇ ਦੀ ਫੀਸ ਨਹੀਂ ਭਰ ਸਕਦੇ। ਉਹ ਦਾਣਾ ਮੰਡੀ ਵਿੱਚ ਮਜ਼ਦੂਰੀ ਕਰਦਾ ਹੈ ਅਤੇ ਮਾਂ ਘਰੇਲੂ ਔਰਤ ਹੈ। ਇਸ ਬੱਚੇ ਵਿੱਚ ਪੜ੍ਹਾਈ ਲਈ ਚੰਗੀ ਸਮਰੱਥਾ ਹੈ ਅਤੇ ਉਸ ਨੇ ਅੱਠਵੀਂ ਜਮਾਤ ਵਿੱਚ 84 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹਨ। ਉਹਨਾਂ ਕਿਹਾ ਕਿ ਸਾਡੇ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਚੱਲਦਾ ਹੈ। ਸਕੂਲ ਦੀ ਫੀਸ ਲਗਭਗ 28 ਹਜ਼ਾਰ ਰੁਪਏ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਅਲੋਕ ਮੁਖੇਜਾ ਅਤੇ ਅਕਾਊਂਟੈਂਟ ਦੀਪਕ ਕਿੰਗਰ ਕਿਹਾ ਕਿ ਇਹ ਲੋੜਵੰਦ ਵਿਦਿਆਰਥੀ ਪੜ੍ਹਾਈ ਵਿੱਚ ਬਹੁਤ ਹੀ ਹੋਣਹਾਰ ਹੈ। ਸੰਸਥਾ ਵੱਲੋਂ ਜੋ ਇਹ ਉਪਰਾਲਾ ਕੀਤਾ ਗਿਆ ਹੈ ਬਹੁਤ ਹੀ ਸਲਾਘਾ ਯੋਗ ਹੈ। ਪਿਤਾ ਨੇ ਸੰਸਥਾ ਦੇ ਸਮੂਹ ਮੈਂਬਰਾਂ ਵੱਲੋਂ ਕੀਤੇ ਗਏ ਨੇਕ ਕਾਰਜ ਲਈ ਅਤੇ ਸਾਡੀ ਮਦਦ ਕਰਨ ਲਈ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਇਸ ਲੋੜਵੰਦ ਬੱਚੇ ਲਈ ਯੋਗਦਾਨ ਪਾਉਂਦੇ ਹਨ। ਇਸ ਮੌਕੇ ਵਿਕਾਸ ਮਿੱਤਲ, ਸੁਨੀਲ ਗੁਪਤਾ, ਸਾਹਿਲ ਗੁਪਤਾ ਨੇ ਸਾਰੇ ਦਾਨੀ ਸੱਜਣਾਂ ਨੂੰ ਬੇਨਤੀ ਹੈ ਕਿ ਕਿਰਪਾ ਕਰਕੇ ਭਵਿੱਖ ਵਿੱਚ ਇਸ ਐਨ ਜੀ ਓ ਦੀ ਮਦਦ ਕਰੋ ਤਾਂ ਜੋ ਜਰੂਰਤਮੰਦ ਲੋਕਾਂ ਦੀ ਮਦਦ ਕੀਤੀ ਜਾ ਸਕੇ। ਦੱਸਣ ਯੋਗ ਹੈ ਕਿ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਵੱਲੋਂ ਸਮਾਜ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ ਜਿਵੇਂ ਕਿ ਮੈਡੀਕਲ, ਖੂਨਦਾਨ ਕੈਂਪ ਲਗਾਉਣਾ, ਸਕੂਲਾਂ ਵਿੱਚ ਲੋੜਵੰਦ ਬੱਚਿਆਂ ਦੀ ਮਦਦ ਕਰਨਾ, ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਮੁਹਈਆ ਕਰਵਾਉਣਾ, ਇਹ ਕਾਰਜ ਦਾਨੀ ਸੱਜਣਾਂ ਦੀ ਮਦਦ ਨਾਲ ਕੀਤੇ ਜਾਂਦੇ ਹਨ।

# ਮਜ਼ਦੂਰ ਮੰਗਾਂ ਦੀ ਪੂਰਤੀ ਲਈ ਖੇਤੀਬਾੜੀ ਮੰਤਰੀ ਖੁੱਡੀਆਂ ਦੇ ਘਰ ਮੂਹਰੇ ਅੱਜ ਦੇ ਧਰਨੇ ਦੀਆਂ ਤਿਆਰੀਆਂ ਮੁਕੰਮਲ



**ਸ੍ਰੀ ਮੁਕਤਸਰ ਸਾਹਿਬ, 10 ਦਸੰਬਰ (ਮਾਲਵਾ ਬਾਣੀ)** ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਗੁਰਜੰਟ ਸਿੰਘ ਸਾਉਂਕੇ ਤੇ ਬਾਜ਼ ਸਿੰਘ ਭੁੱਟੀਵਾਲਾ ਨੇ ਦੱਸਿਆ ਕਿ ਮਗਨਰੇਗਾ ਦੇ ਬੰਦ ਚਾਲੂ ਕਰਾਉਣ, ਪੈਨਸ਼ਨਰਾਂ ਦੀ ਰਾਸ਼ੀ ਵਧਾਉਣ, ਚੋਣ ਗਰੰਟੀ ਅਨੁਸਾਰ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ, ਅੰਦੋਲਨਾਂ ਦੌਰਾਨ ਮਜ਼ਦੂਰਾਂ-ਕਿਸਾਨਾ 'ਤੇ ਬਣੇ ਕੇਸ ਵਾਪਸ ਕਰਾਉਣ, ਬਿਜਲੀ ਸੋਧ ਬਿਲ 2025 ਅਤੇ ਮਜ਼ਦੂਰ ਵਿਰੋਧੀ ਕਿਰਤ ਕੋਡ ਰੱਦ ਕਰਾਉਣ ਆਦਿ ਮੰਗਾਂ ਨੂੰ ਲੈ ਕੇ 11 ਦਸੰਬਰ ਨੂੰ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਰਿਹਾਇਸ਼ ਪਿੰਡ ਖੁੱਡੀਆਂ ਵਿਖੇ ਦਿੱਤੇ ਜਾ ਰਹੇ ਧਰਨੇ 'ਚ ਜ਼ਿਲੇ ਭਰ 'ਚੋਂ ਵੱਡੀ ਗਿਣਤੀ ਮਜ਼ਦੂਰ ਪੁਰਸ਼ ਤੇ ਮਹਿਲਾਵਾਂ ਪੁੱਜਣਗੇ। ਉਹਨਾਂ ਦੱਸਿਆ ਕਿ ਧਰਨੇ ਦੀਆਂ ਸਭ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ ਅਤੇ ਜ਼ਿਲੇ ਦੇ ਪਿੰਡ ਭੁੱਟੀਵਾਲਾ, ਖੁੰਡੇ ਹਲਾਲ, ਗੰਧੜ, ਲੱਖੇਵਾਲੀ , ਖੂਨਣ ਖੁਰਦ ,ਚੜੇਵਣ ਤੇ ਉੜਾਂਗ ਸਮੇਤ ਦਰਜਨਾਂ ਪਿੰਡਾਂ 'ਚ ਮੀਟਿੰਗਾਂ ਰੈਲੀਆਂ ਹੋ ਚੁੱਕੀਆਂ ਹਨ। ਉਹਨਾਂ ਦੱਸਿਆ ਕਿ ਇਹਨਾਂ ਇਕੱਠਾਂ ਨੂੰ ਮਜ਼ਦੂਰ ਆਗੂ ਕਾਕਾ ਸਿੰਘ ਤੇ ਤਰਸੇਮ ਸਿੰਘ ਖੁੰਡੇ ਹਲਾਲ, ਰਾਜਾ ਸਿੰਘ ਖੂਨਣ ਖੁਰਦ ਤੇ ਜਸਵਿੰਦਰ ਸਿੰਘ ਸੰਗੂਧੌਣ ਨੇ ਸੰਬੋਧਨ ਕਰਦਿਆਂ ਭਗਵੰਤ ਮਾਨ ਸਰਕਾਰ 'ਤੇ ਮਜ਼ਦੂਰ ਵਰਗ ਨਾਲ ਵਾਅਦਾ ਖਿਲਾਫੀ ਦੇ ਦੋਸ਼ ਲਾਏ। ਉਹਨਾਂ ਆਖਿਆ ਕਿ ਬਿਜਲੀ ਸੋਧ ਬਿੱਲ 2025 ਲਾਗੂ ਹੋਣ ਨਾਲ ਮਜ਼ਦੂਰ ਵਰਗ ਬਿਜਲੀ ਤੋਂ ਵਾਝਾਂ ਹੋ ਜਾਵੇਗਾ ਅਤੇ ਗਰੀਬ ਘਰਾਂ 'ਚ ਹਨੇਰਾ ਛਾ ਜਾਵੇਗਾ।

# ਜ਼ਿਲ੍ਹਾ ਪਰਿਸ਼ਦ ਕਾਂਗਰਸ ਉਮੀਦਵਾਰ ਸੁਖਦੀਪ ਬਾਜਵਾ ਤੇ ਬਲਾਕ ਸੰਮਤੀ ਉਮੀਦਵਾਰ ਭਿੰਦਰ ਕੌਰ ਨੂੰ ਪਿੰਡਾਂ ਵਿੱਚ ਮਿਲ ਰਿਹਾ ਭਰਵਾਂ ਹੁੰਗਾਰਾ

**ਮਾਛੀਵਾੜਾ ਸਾਹਿਬ 10 ਦਸੰਬਰ (ਮਾਸਟਰ ਸਤੀਸ਼ ਕੁਮਾਰ)** ਪੰਜਾਬ ਵਿੱਚ ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਦਾ ਇਸ ਸਮੇਂ ਚੋਣ ਮੈਦਾਨ ਪੂਰੀ ਤਰ੍ਹਾਂ ਭੱਖ ਚੁੱਕਿਆ ਹੈ। ਸਾਰੀਆਂ ਪਾਰਟੀਆਂ ਵੱਲੋਂ ਜਿੱਤ ਹਾਸਿਲ ਕਰਨ ਦੇ ਲਈ ਲਗਾਤਾਰ ਪਿੰਡਾਂ ਵਿੱਚ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸੇ ਤਹਿਤ ਨੀਲੋਂ ਜੋਨ ਤੋਂ ਜ਼ਿਲ੍ਹਾ ਪਰਿਸ਼ਦ ਕਾਂਗਰਸੀ ਉਮੀਦਵਾਰ ਸੁਖਦੀਪ ਸਿੰਘ ਬਾਜਵਾ, ਅਤੇ ਜੋਨ ਨੰਬਰ 6 ਚੱਕਲੀ ਆਦਲ ਤੋਂ ਬਲਾਕ ਸੰਮਤੀ ਉਮੀਦਵਾਰ ਭਿੰਦਰ ਕੌਰ ਵੱਲੋਂ ਵੀ ਪਿੰਡਾਂ ਵਿੱਚ ਤੂਫਾਨੀ ਦੌਰੇ ਕੀਤੇ ਜਾ ਰਹੇ ਹਨ। ਸੁਖਦੀਪ ਸਿੰਘ ਬਾਜਵਾ ਅਤੇ ਸਰਪੰਚ ਗੁਰਦੇਵ ਸਿੰਘ ਧਨੂੰਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪਿੰਡਾਂ ਵਿੱਚੋਂ ਕਾਂਗਰਸ ਪਾਰਟੀ ਨੂੰ ਅਥਾਹ ਪਿਆਰ ਮਿਲ ਰਿਹਾ ਹੈ। ਲੋਕ ਆਪ ਮੁਹਾਰੇ ਕਾਂਗਰਸ ਪਾਰਟੀ ਨੂੰ ਜਿਤਾਉਣ ਲਈ ਉਤਾਵਲੇ ਹਨ। ਉਹਨਾਂ ਨੇ ਕਿਹਾ ਕਿ ਸੱਤਾਧਾਰੀ ਪਾਰਟੀ ਵੱਲੋਂ ਕੀਤੇ ਗਏ ਵਾਅਦਿਆਂ ਤੋਂ ਲੋਕ ਜਾਣੂ ਹੋ ਚੁੱਕੇ ਹਨ। ਸੱਤਾਧਾਰੀ ਪਾਰਟੀ ਵੱਲੋਂ ਕੀਤੇ ਹੋਏ ਵਾਅਦੇ ਅਜੇ ਤੱਕ ਕੋਈ ਵੀ ਪੂਰੇ ਨਹੀਂ ਹੋ ਸਕੇ। ਆਮ ਆਦਮੀ ਪਾਰਟੀ ਦੀ ਕਹਿਣੀ ਅਤੇ ਕਰਨੀ ਵਿੱਚ ਬਹੁਤ ਫਰਕ ਨਜ਼ਰ ਆ ਰਿਹਾ ਹੈ ਜੋ ਕਿ ਇਲਾਕੇ ਦੇ ਲੋਕ ਭਲੀ ਭਾਂਤ ਜਾਣਦੇ ਹਨ। ਉਹਨਾਂ ਨੇ ਇਲਾਕੇ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਦੇ ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਉਮੀਦਵਾਰ ਨੂੰ ਜਿਤਾਓ ਤਾਂ ਕਿ ਪਿੰਡਾਂ ਦਾ ਵਿਕਾਸ ਵੱਡੇ ਪੱਧਰ ਤੇ ਹੋ ਸਕੇ। ਉਹਨਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਹੀ ਲੋਕਾਂ ਦੇ ਮੋਢੇ ਨਾਲ ਮੋਢਾ ਲਾ ਕੇ ਚੱਲਣ ਵਾਲੀ ਪਾਰਟੀ ਹੈ। ਉਹਨਾਂ ਨੇ ਕਿਹਾ ਕਿ ਆਉਣ ਵਾਲੀ 14 ਦਸੰਬਰ ਨੂੰ ਇੱਕ-ਇੱਕ ਵੋਟ ਕਾਂਗਰਸ ਪਾਰਟੀ ਦੇ ਬਲਾਕ ਸੰਮਤੀ ਉਮੀਦਵਾਰ ਭਿੰਦਰ ਕੌਰ ਅਤੇ ਜ਼ਿਲ੍ਹਾ ਪਰਿਸ਼ਦ ਉਮੀਦਵਾਰ ਸੁਖਦੀਪ ਸਿੰਘ ਬਾਜਵਾ ਨੂੰ ਪਾ ਕੇ ਕਾਮਯਾਬ ਬਣਾਓ, ਕਾਂਗਰਸ ਪਾਰਟੀ ਦੀ ਕਾਮਯਾਬੀ ਹੀ ਪੰਜਾਬ ਦੇ ਪਿੰਡਾਂ ਦੀ ਕਾਮਯਾਬੀ ਹੋਵੇਗੀ। ਉਹਨਾਂ ਨੇ ਕਿਹਾ ਕਿ ਪਿੰਡਾਂ ਵਿੱਚ ਕਾਂਗਰਸ ਪਾਰਟੀ ਦੀਆਂ ਨੁੱਕੜ ਮੀਟਿੰਗਾਂ ਰੈਲੀਆਂ ਦਾ ਰੂਪ ਧਾਰਨ ਕਰ ਰਹੀਆਂ ਹਨ ,ਜਿਸ ਕਾਰਨ ਵਿਰੋਧੀਆਂ ਦੀ ਨੀਂਦ ਉੱਡੀ ਹੋਈ ਹੈ। ਲੋਕ ਸੱਤਾਧਾਰੀ ਪਾਰਟੀ ਨੂੰ ਧੱਕੇ ਦਾ ਜਵਾਬ ਵੋਟਾਂ ਪਾ ਕੇ ਦੇਣਗੇ। ਇਸ ਮੌਕੇ ਬਲਵੀਰ ਸਿੰਘ, ਕੁਲਵਿੰਦਰ ਸਿੰਘ , ਹਾਕਮ ਸਿੰਘ ਟਾਂਡਾ,ਦਵਿੰਦਰ ਸਿੰਘ, ਬਚਿੱਤਰ ਸਿੰਘ, ਜੋਰਾ ਸਿੰਘ, ਅਰਸ਼, ਕੁਲਦੀਪ ਸਿੰਘ, ਨਵਦੀਪ ਸਿੰਘ, ਬਲਦੇਵ ਰਾਜ, ਬੱਗੀ ,ਬਿੱਟੂ ,ਬਲਜੀਤ ਸਿੰਘ, ਹੈਪੀ, ਸੁੱਚਾ ਸਿੰਘ, ਪਿੱਪਲ ਸਿੰਘ, ਜਰਨੈਲ ਸਿੰਘ, ਗੁਲਜਾਰ ਸਿੰਘ, ਪ੍ਰਿਤਪਾਲ ਸਿੰਘ ,ਰਮਨਦੀਪ ਸਿੰਘ, ਕਿਰਪਾਲ ਸਿੰਘ ,ਸ਼ੇਰ ਸਿੰਘ, ਸ਼ਰਨ ,ਬੱਗੀ, ਨਿਸ਼ਾਨ ਸਿੰਘ ,ਪਲਵਿੰਦਰ ਸਿੰਘ, ਵਿੱਕੀ ਗਿੱਲ ,ਰੁਬਲ, ਧਰਮਾ ,ਜੋਧਾ ਸਿੰਘ , ਨਿੱਕਾ ਸਿੰਘ, ਅਸ਼ੋਕ, ਰਵੀ ਸਿੰਘ, ਕਿਰਪਾਲ ਸਿੰਘ ,ਗੋਲਡੀ, ਮਨਜੀਤ ਸਿੰਘ, ਸੋਨੂ, ਗੁਰਦੀਪ ਸਿੰਘ, ਰਾਮ ਸਿੰਘ, ਮੇਜਰ ਸਿੰਘ, ਜਿੰਦਰ ਸਿੰਘ, ਮੋਨੂ, ਬਿੱਟੂ, ਮਲਕੀਤ ਸਿੰਘ, ਸੁੱਚਾ ਸਿੰਘ, ਗੁਰਦੀਪ ਸਿੰਘ, ਹਰਜੀਤ ਸਿੰਘ, ਸੰਜੀਵ ਕੁਮਾਰ ਰਿਸ਼ੀ ,ਸਚਿਨ, ਸਾਹਿਬ ਸਿੰਘ ,ਮਨਜੀਤ ਸਿੰਘ ਵੀ ਹਾਜ਼ਰ ਸਨ।




# ਜ਼ਿਲ੍ਹਾ ਬਰਨਾਲਾ ਵਿਖੇ ਹੁਨਰ ਸਿੱਖਿਆ ਅਧੀਨ ਸੈਮੀਨਾਰ ਦਾ ਆਯੋਜਨ




**ਬਰਨਾਲਾ, 10 ਦਸੰਬਰ (ਮਾਲਵਾ ਬਾਣੀ)** ਪੰਜਾਬ ਸਰਕਾਰ ਦੁਆਰਾ ਸਕੂਲੀ ਬੱਚਿਆਂ ਵਿੱਚ ਹੁਨਰ ਸਿੱਖਿਆ ਦੇ ਰੁਝਾਨ ਨੂੰ ਪ੍ਰੋਤਸਾਹਿਤ ਕਰਨ ਦੇ ਮੰਤਵ ਨਾਲ ਪੰਜਾਬ ਦੇ ਵੱਖ ਵੱਖ ਜਿਲਿਆਂ ਵਿੱਚ ਹੁਨਰ ਸਿੱਖਿਆ ਸਕੂਲ ਸਥਾਪਿਤ ਕੀਤੇ ਗਏ ਹਨ, ਜ਼ਿਲ੍ਹਾ ਬਰਨਾਲਾ ਵਿੱਚ ਇਹ ਹੁਨਰ ਸਿੱਖਿਆ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਬਰਨਾਲਾ ਦੀ ਚੋਣ ਕੀਤੀ ਹੈ। ਦਸਵੀਂ ਜਮਾਤ ਵਿੱਚ ਪੜਦੇ ਬੱਚਿਆਂ ਨੂੰ ਹੁਨਰ ਸਿੱਖਿਆ ਬਾਰੇ ਜਾਣਕਾਰੀ ਦੇ ਅਤੇ ਹੁਨਰ ਸਿੱਖਿਆ ਨੂੰ ਆਪਣਾ ਭਵਿੱਖ ਦੇ ਤੌਰ ਚੋਣ ਕਰਨ ਲਈ ਪ੍ਰੇਰਿਤ ਕਰਨ ਲਈ ਜ਼ਿਲ੍ਹਾ ਸਿੱਖਿਆ ਅਫਸਰ ( ਸੈ ਸਿ ) ਬਰਨਾਲਾ ਸ. ਸੁਨੀਤਇੰਦਰ ਸਿੰਘ, ਉਪ- ਜ਼ਿਲ੍ਹਾ ਸਿੱਖਿਆ ਅਫਸਰ ( ਸੈ. ਸਿ ) ਬਰਨਾਲਾ ਡਾ. ਬਰਜਿੰਦਰਪਾਲ ਸਿੰਘ ਵਿਸ਼ੇਸ ਤੌਰ ਤੇ ਪਹੁੰਚੇ । ਉਹਨਾਂ ਬੱਚਿਆਂ ਨਾਲ ਆਪਣੇ ਵਿਚਾਰ ਸ਼ਾਂਝੇ ਕਰਦੇ ਹੋਏ ਬੱਚਿਆਂ ਨੂੰ ਡਿਜਿਟਲ ਡੀਜਾਇਨ ਅਤੇ ਬੀ ਐਫ ਐਸ ਆਈ ਬਾਰੇ ਜਾਣਕਾਰੀ ਦਿੱਤੀ ਅਤੇ ਆਉਣ ਵਾਲੇ ਭਵਿੱਖ ਵਿੱਚ ਤਕਨੀਕੀ ਸਿੱਖਿਆ ਦੀ ਮਹੱਤਤਾ ਬਾਰੇ ਸਮਝਾਇਆ। ਡਾ. ਬਰਜਿੰਦਰਪਾਲ ਸਿੰਘ ਦੁਆਰਾ ਵੀ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਦੇ ਹੋਏ ਹੁਨਰ ਸਿੱਖਿਆ ਦੀ ਲੋੜ ਅਤੇ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਪ੍ਰਿੰਸੀਪਲ ਸ਼੍ਰੀਮਤੀ ਵਿਨਸੀ ਜਿੰਦਲ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪੰਜਾਬ ਸਰਕਾਰ ਦੁਆਰਾ ਹੁਨਰ ਸਿੱਖਿਆ ਪ੍ਰੋਜੈਕਟ ਤਹਿਤ ਸਕੂਲ ਵਿਖੇ 2 ਨਵੇਂ ਕਲਾਸ ਰੂਮ ਤੇ ਇੱਕ ਲੈਬ ਦੀ ਉਸਾਰੀ ਵੀ ਮੁਕੰਮਲ ਕਾਰਵਾਈ ਜਾ ਚੁੱਕੀ ਹੈ। ਸਕੂਲ ਵਿਖੇ ਮੌਜੂਦਾ ਸੈਸ਼ਨ ਦੁਰਾਨ ਹੁਨਰ ਸਿੱਖਿਆ ਦੀ ਪੜਾਈ ਸ਼ੁਰੂ ਹੋ ਚੁੱਕੀ ਹੈ। ਇਸ ਮੌਕੇ ਹੁਨਰ ਸਿੱਖਿਆ ਅਧਿਆਪਕਾ ਸਾਹਿਬਾਨ ਮੈਡਮ ਗੁਰਮੀਤ ਕੌਰ, ਮੈਡਮ ਸੀਮਾ, ਸ਼੍ਰੀ ਨੀਰਜ ਸਿੰਗਲਾ, ਦਸਵੀਂ ਜਮਾਤ ਦੇ ਵਿਦਿਆਰਥੀ, ਸਟਾਫ਼ ਹਾਜਰ ਰਿਹਾ।

# ਪੀ.ਐੱਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਪਾ (ਲੜਕੇ) ਵਿਖੇ ਖੇਡ ਦਿਵਸ ਦਾ ਆਯੋਜਨ




**ਤਪਾ ਮੰਡੀ, 10 ਦਸੰਬਰ (ਮੇਸ਼ੀ ਤਪਾ, ਅਰੁਣ ਗੋਇਲ, ਬੰਟੀ ਦੀਕਸ਼ਿਤ)** ਡਾਇਰੈਕਟਰ ਸਕੂਲ ਐਜੂਕੇਸ਼ਨ (ਸੈ. ਸਿ.) ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੀ.ਐੱਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਪਾ (ਲੜਕੇ) ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀ ਸੁਨੀਤਇੰਦਰ ਸਿੰਘ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀ ਬਰਜਿੰਦਰਪਾਲ ਦੀ ਰਹਿਨੁਮਾਈ, ਪ੍ਰਿੰਸੀਪਲ ਸ਼੍ਰੀ ਅਨਿਲ ਕੁਮਾਰ ਮੋਦੀ ਜੀ ਦੀ ਅਗਵਾਈ ਤੇ ਇੰਚਾਰਜ ਪ੍ਰਿੰਸੀਪਲ ਸ਼੍ਰੀ ਤਲਵਿੰਦਰ ਸਿੰਘ ਸਿੱਧੂ ਜੀ ਦੀ ਨਿਗਰਾਨੀ ਹੇਠ ਖੇਡ ਦਿਵਸ ਦਾ ਬੜੀ ਸ਼ਾਨੋ ਸ਼ੌਕਤ ਨਾਲ ਆਯੋਜਨ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਲੈਕਚਰਾਰ ਸਰੀਰਕ ਸਿੱਖਿਆ ਸ਼੍ਰੀ ਸਰਜੀਵਨ ਕੁਮਾਰ ਉੱਪਲ ਤੇ ਡੀਪੀਈ ਸ਼੍ਰੀ ਕਮਲਦੀਪ ਸ਼ਰਮਾ ਨੇ ਦੱਸਿਆ ਕਿ ਸਮੁੱਚੇ ਸਟਾਫ਼ ਵੱਲੋਂ ਬੜੇ ਹੀ ਤਾਲਮੇਲ ਨਾਲ ਇਹ ਇੱਕ ਰੋਜ਼ਾ ਇੰਟਰ ਹਾਊਸ ਸਪੋਰਟਸ ਮੀਟ ਕਰਵਾਈ ਗਈ। ਜਿਸ ਵਿੱਚ ਸਕੂਲ ਦੇ ਚਾਰੋਂ ਹਾਊਸ ਨੇ ਬਹੁਤ ਹੀ ਵਧੀਆ ਤਰੀਕੇ ਨਾਲ ਭਾਗ ਲਿਆ। ਵਿਦਿਆਰਥੀਆਂ ਨੇ ਵੱਖੋ ਵੱਖਰੇ ਟਰੈਕ ਅਤੇ ਫੀਲਡ ਈਵੈਂਟਾਂ ਵਿੱਚ ਭਾਗ ਲਿਆ। ਟਰੈਕ ਈਵੈਂਟਾਂ ਵਿੱਚ 100 ਮੀਟਰ,200 ਮੀਟਰ,400 ਮੀਟਰ,600 ਮੀਟਰ ਤੇ 800 ਮੀਟਰ ਦੌੜਾਂ ਕਰਵਾਈਆਂ ਗਈਆਂ ਅਤੇ ਫੀਲਡ ਈਵੈਂਟਾਂ ਵਿੱਚ ਲੰਬੀ ਛਾਲ ਤੇ ਰੱਸਾਕਸ਼ੀ ਦੇ ਈਵੈਂਟ ਕਰਵਾਏ ਗਏ। ਵਿਦਿਆਰਥੀਆਂ ਨੇ ਵੱਖ-ਵੱਖ ਈਵੈਂਟਾਂ ਵਿੱਚ ਭਾਗ ਲੈ ਕੇ ਆਪਣੀ ਖੇਡ ਕਲਾ ਦੇ ਜੌਹਰ ਦਿਖਾਏ ਗਏ ਅਤੇ ਵੱਖ-ਵੱਖ ਪੁਜੀਸ਼ਨਾਂ ਹਾਸਲ ਕੀਤੀਆਂ। ਵੱਖ-ਵੱਖ ਖੇਡਾਂ ਵਿੱਚ ਪਹਿਲੇ,ਦੂਜੇ ਤੇ ਤੀਜੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਤਮਗੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਸ਼੍ਰੀ ਅਨਿਲ ਕੁਮਾਰ ਮੋਦੀ,ਕੌਂਸਲਰ ਸ਼੍ਰੀ ਧਰਮਪਾਲ ਸ਼ਰਮਾ,ਸਮਾਜ ਸੇਵੀ ਸੰਦੀਪ ਕੁਮਾਰ ਤੇ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਸਪੋਰਟਸ ਮੀਟ ਵਿੱਚ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਕਰਦੇ ਹੋਏ ਉਹਨਾਂ ਨੂੰ ਅਜਿਹੇ ਖੇਡ ਸਮਾਗਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਤੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਦਿੱਤਾ। ਉਹਨਾਂ ਵੱਲੋਂ ਵਿਦਿਆਰਥੀਆਂ ਨੂੰ ਮੋਬਾਇਲ ਸੋਸ਼ਲ ਮੀਡੀਆ ਅਤੇ ਹੋਰ ਮਾਰੂ ਨਸ਼ਿਆਂ ਤੋਂ ਬਚਣ ਦੀ ਸਲਾਹ ਦਿੱਤੀ ਅਤੇ ਜ਼ਿਆਦਾ ਤੋਂ ਜ਼ਿਆਦਾ ਗਰਾਊਂਡ ਦੇ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਲੈਕਚਰਾਰ ਸ੍ਰੀਮਤੀ ਕਿਰਨਜੋਤ ਕੌਰ ਨੇ ਸਪੋਰਟਸ ਮੀਟ ਦੇ ਵੱਖ-ਵੱਖ ਈਵੈਂਟ ਕਰਵਾਉਣ ਲਈ ਪਹੁੰਚੇ ਸਹਿਯੋਗੀ ਅਧਿਆਪਕਾਂ ਡੀਪੀਈ ਅਰਸ਼ਦੀਪ ਸਿੰਘ, ਡੀਪੀਈ ਬਲਜਿੰਦਰ ਸਿੰਘ, ਡੀਪੀਈ ਅਮਨਦੀਪ ਸ਼ਰਮਾ,ਰਾਮ ਸਿੰਘ ਨਾਮਧਾਰੀ ਤੇ ਕਰਾਟੇ ਕੋਚ ਬੰਧਨਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਜਿਹਨਾਂ ਨੇ ਸਪੋਰਟਸ ਮੀਟ ਦੀ ਰੂਪਰੇਖਾ ਉਲੀਕਣ ਤੇ ਮੁਕੰਮਲ ਕਰਵਾਉਣ ਲਈ ਬੜੇ ਹੀ ਸੁਚੱਜੇ ਤਰੀਕੇ ਨਾਲ ਜ਼ਿੰਮੇਵਾਰੀ ਨਿਭਾਈ। ਸਪੋਰਟਸ ਮੀਟ ਦੌਰਾਨ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਲੈਕਚਰਾਰ ਸ਼੍ਰੀ ਕੁਲਵੀਰ ਜੋਸ਼ੀ ਨੇ ਬਾਖੂਬੀ ਨਿਭਾਈ। ਵਿਸ਼ੇਸ਼ ਤੌਰ ਤੇ ਪਹੁੰਚੇ ਪ੍ਰਿੰਸੀਪਲ ਸ਼੍ਰੀ ਅਨਿਲ ਕੁਮਾਰ ਮੋਦੀ ਤੇ ਕੌਂਸਲਰ ਧਰਮਪਾਲ ਸ਼ਰਮਾ ਨੇ ਸਕੂਲ ਮੁਖੀ, ਸਕੂਲ ਦੇ ਡੀਪੀਈ ਅਧਿਆਪਕ ਅਤੇ ਸਮੂਹ ਸਟਾਫ਼ ਨੂੰ ਇਹ ਖੇਡ ਦਿਵਸ ਵਧੀਆ ਤਰੀਕੇ ਨਾਲ ਸੰਪੰਨ ਕਰਾਉਣ ਤੇ ਵਧਾਈ ਦਿੱਤੀ। ਇਸ ਮੌਕੇ ਉਪਰੋਕਤ ਤੋਂ ਇਲਾਵਾ ਕਰਮਜੀਤ ਕੌਰ, ਮੁਨੀਸ਼ ਬਾਲਾ,ਜਗਸੀਰ ਸਿੰਘ, ਸੁਖਦੀਪ ਸਿੰਘ, ਅਸ਼ਵਨੀ ਕੁਮਾਰ,ਰਿਸ਼ੀ ਕੁਮਾਰ, ਕੁਲਦੀਪ ਸਿੰਘ, ਜਸਵਿੰਦਰ ਸਿੰਘ, ਰਾਜਿੰਦਰ ਸਿੰਘ, ਸੰਦੀਪ ਸਿੰਘ, ਲਲਿਤ ਕੁਮਾਰ, ਅਨੂ ਬਾਲਾ, ਸ਼ਬਨਮ, ਰਾਜਵਿੰਦਰ ਸ਼ਰਮਾ,ਦੀਪਿਕਾ ਰਾਣੀ,ਸੁਮਨ ਲਤਾ, ਜਸਵਿੰਦਰ ਕੌਰ, ਅੰਜੂ ਬਾਲਾ,ਮਨਪ੍ਰੀਤ ਕੌਰ, ਸੀਮਾ ਰਾਣੀ ਆਦਿ ਅਧਿਆਪਕ,ਕੈਂਪਸ ਮੈਨੇਜਰ ਬੂਟਾ ਸਿੰਘ, ਬਲਜੀਤ ਸਿੰਘ ਤੇ ਗੁਰਬਚਨ ਸਿੰਘ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

# ਮੈਡਮ ਸੋਨੀਆ ਮਾਨ ਵੱਲੋਂ ਲੋਪੋਕੇ 'ਚ ਉਮੀਦਵਾਰਾਂ ਦੇ ਹੱਕ 'ਚ ਚੋਣ ਪ੍ਰਚਾਰ



**ਅੰਮ੍ਰਿਤਸਰ, 10 ਦਸੰਬਰ (ਸੋਨੂ ਨਰੂਲਾ)** -ਵਿਧਾਨ ਸਭਾ ਹਲਕਾ ਰਾਜਾ ਸਾਂਸੀ ਅਧੀਨ ਆਉਂਦੇ ਜੋਨ ਲੋਪੋਕੇ ਤੋਂ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਰਾਜਵਿੰਦਰ ਕੌਰ ਪਤਨੀ ਲਖਬੀਰ ਸਿੰਘ ਮੰਝ ਅਤੇ ਜੋਨ ਲੋਪੋਕੇ ਤੋਂ ਬਲਾਕ ਸੰਮਤੀ ਉਮੀਦਵਾਰ ਅਮਰਜੀਤ ਸਿੰਘ ਦੇ ਹੱਕ 'ਚ ਪਿੰਡ ਲੋਪੋਕੇ ਵਿਖੇ ਸੁੱਖ ਟਰੱਕਾਂ ਵਾਲਾ ਦੇ ਗ੍ਰਹਿ ਵਿਖੇ ਵਿਖੇ ਵਿਸ਼ਾਲ ਚੋਣ ਮੀਟਿੰਗ ਹੋਈ। ਜਿਸ ਵਿੱਚ ਹਲਕਾ ਇੰਚਾਰਜ ਮੈਡਮ ਸੋਨੀਆ ਮਾਨ ਪਹੁੰਚੇ। ਉਨ੍ਹਾਂ ਇਨ੍ਹਾਂ ਚੋਣਾਂ ਵਿੱਚ ਆਪ ਦੇ ਉਮੀਦਵਾਰਾਂ ਨੂੰ ਜਿਤਾਉਣ ਦੀ ਅਪੀਲ ਕੀਤੀ ਤਾਂ ਜੋ ਹਲਕੇ ਦੇ ਵਿਕਾਸ ਕਾਰਜ ਤੇਜ਼ ਕੀਤੇ ਜਾਣ। ਇਸ ਮੌਕੇ ਰਾਮ ਸਿੰਘ ਚੋਗਾਵਾਂ, ਸੁਖਦੀਪ ਸਿੰਘ ਛੀਨਾ, ਜ਼ਿਲ੍ਹਾ ਮੈਂਬਰ ਜਗਤਾਰ ਸਿੰਘ, ਕੁਲਦੀਪ ਸਿੰਘ ਪ੍ਰੀਤ ਨਗਰ, ਗੁਰਵੇਲ ਸਿੰਘ ਪ੍ਰੀਤ ਨਗਰ, ਜੋਗਾ ਸਿੰਘ ਸਾਬਕਾ ਮੈਂਬਰ, ਹਰਜੀਤ ਸਿੰਘ ਜੀਤੂ, ਇੰਦਰਜੀਤ ਸਿੰਘ ਕਾਲਾ ਲੋਪੋਕੇ, ਗਾਜੋ ਲੋਪੋਕੇ, ਗੁਰਲਾਲ ਸਿੰਘ ਲਾਲੀ ਲੋਪੋਕੇ, ਅਵਤਾਰ ਸਿੰਘ ਵੈਰੋਕੇ, ਗੁਰਮੇਜ ਸਿੰਘ ਗੇਜੂ, ਮੇਜਰ ਸਿੰਘ ਕਰਨੌਲੀਆਂ, ਰਵਿੰਦਰ ਸਿੰਘ, ਭਿੰਦਾ ਸਿੰਘ, ਓ.ਪੀ., ਸਾਬਕਾ ਮੈਂਬਰ ਅਨੂਪ ਸਿੰਘ ਆਦਿ ਹਾਜਰ ਸਨ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਨੇ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਜਾਰੀ ਪੈਨਸ਼ਨਰ, ਮੁਲਾਜ਼ਮ, ਮਜ਼ਦੂਰ ਅਤੇ ਲੋਕ ਵਿਰੋਧੀ ਪੱਤਰਾਂ ਦੀਆਂ ਕਾਪੀਆਂ ਫੂਕ ਕੇ ਕੀਤੀ ਨਾਹਰੇਬਾਜੀ

**ਕੋਟਕਪੂਰਾ, 10 ਦਸੰਬਰ (ਟਿੰਕੂ ਕੁਮਾਰ) :-** ਪੰਜਾਬ ਪੈਨਸ਼ਨਰਜ਼ ਯੂਨੀਅਨ (ਸਬੰਧਤ ਏਟਕ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ) ਵੱਲੋਂ ਉਲੀਕੇ ਗਏ ਐਕਸ਼ਨ ਪ੍ਰੋਗਰਾਮ ਅਨੁਸਾਰ ਅੱਜ ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਕੁਲਵੰਤ ਸਿੰਘ ਚਾਨੀ, ਅਸ਼ੋਕ ਕੌਸ਼ਲ, ਸੋਮ ਨਾਥ ਅਰੋੜਾ, ਇਕਬਾਲ ਸਿੰਘ ਮੰਘੇੜਾ, ਕੁਲਜੀਤ ਸਿੰਘ ਬੰਬੀਹਾ, ਤਰਸੇਮ ਨਰੂਲਾ ਅਤੇ ਮੁਲਾਜ਼ਮ ਆਗੂ ਬਲਕਾਰ ਸਿੰਘ ਸਹੋਤਾ ਦੀ ਅਗਵਾਈ ਹੇਠ ਸਥਾਨਕ ਐਸ ਡੀ ਐਮ ਦਫਤਰ ਸਾਹਮਣੇ ਕੇਂਦਰ ਅਤੇ ਪੰਜਾਬ ਸਰਕਾਰ ਖ਼ਿਲਾਫ਼ ਤਿੱਖੀ ਨਾਅਰੇਬਾਜ਼ੀ ਕਰਕੇ ਵਿੱਤ ਵਿਭਾਗ ਪੰਜਾਬ ਸਰਕਾਰ ਵੱਲੋਂ ਮਿਤੀ 28 ਨਵੰਬਰ ਨੂੰ ਜਾਰੀ ਪੈਨਸ਼ਨਰ ਵਿਰੋਧੀ ਪੱਤਰ ,ਕੇਂਦਰ ਸਰਕਾਰ ਵੱਲੋਂ ਤਜ਼ਵੀਜ਼ ਬਿਜਲੀ ਸੋਧ ਐਕਟ 2025 ਅਤੇ ਪਿਛਲੇ ਸਮੇਂ ਦੌਰਾਨ ਮੋਦੀ ਸਰਕਾਰ ਵੱਲੋਂ ਮਜ਼ਦੂਰ ਪੱਖੀ 29 ਕੇਂਦਰੀ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਪਾਸ ਕੀਤੇ ਗਏ ਚਾਰ ਲੇਬਰ ਕੋਡਾਂ ਦੀਆਂ ਕਾਪੀਆਂ ਫੂਕੀਆਂ ਗਈਆਂ। ਬੁਲਾਰਿਆਂ ਨੇ ਕੇਂਦਰੀ ਹੁਕਮਰਾਨ ਮੋਦੀ ਸਰਕਾਰ ਅਤੇ ਪੰਜਾਬ ਵਿੱਚ ਹੁਕਮਰਾਨ ਭਗਵੰਤ ਮਾਨ ਸਰਕਾਰ ਵੱਲੋਂ ਲਗਾਤਾਰ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਦਿਨੋ ਦਿਨ ਲੋਕ ਵਿਰੋਧੀ ਨੀਤੀਆਂ ਨੂੰ ਲਾਗੂ ਕਰਨ ਦਾ ਦੋਸ਼ ਲਾਇਆ। ਆਗੂਆਂ ਨੇ ਕਿਹਾ ਕਿ ਲਗਾਤਾਰ ਤਿੱਖੇ ਸੰਘਰਸ਼ ਹੀ ਇਹਨਾਂ ਲੋਕ ਵਿਰੋਧੀ ਫੈਸਲਿਆਂ ਨੂੰ ਵਾਪਿਸ ਕਰਵਾ ਸਕਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਜਗਵੰਤ ਸਿੰਘ ਬਰਾੜ ਮੁੱਖ ਅਧਿਆਪਕ, ਜਸਮੇਲ ਸਿੰਘ ਬਰਾੜ ਮੁੱਖ ਅਧਿਆਪਕ, ਹਰਦੇਵ ਸਿੰਘ ਗਿੱਲ, ਮੰਦਰ ਸਿੰਘ ਲੈਕਚਰਾਰ, ਤਾਰਾ ਸਿੰਘ, ਹਾਕਮ ਸਿੰਘ ਡੀ ਪੀ ਈ, ਨਾਹਰ ਸਿੰਘ ਗਿੱਲ, ਪਰਮਿੰਦਰ ਸਿੰਘ ਜਟਾਣਾ ਹਾਕਮ ਸਿੰਘ ਬੁਰਜ ਹਰੀਕਾ ਲੈਕਚਰਾਰ ਅਤੇ ਹਰਦੀਪ ਸਿੰਘ ਫਿਡੂ ਭਲਵਾਨ ਆਦਿ ਵੀ ਹਾਜ਼ਰ ਸਨ।



# ਬਿਜਲੀ ਦੇ ਮੱਧਮ ਆਉਣ ਅਤੇ ਪਾਣੀ ਦੀ ਸਪਲਾਈ 'ਚ ਪੈ ਰਹੀ ਰੁਕਾਵਟ ਤੋਂ ਦੁਖੀ ਮੰਡੀ ਨਿਵਾਸੀਆਂ ਨੇ ਪਾਵਰਕਾਮ ਅਤੇ ਨਗਰ ਕੌਂਸਲ ਖਿਲਾਫ ਕੀਤਾ ਰੋਸ਼ ਪ੍ਰਗਟ



**ਤਪਾ ਮੰਡੀ,10 ਦਸੰਬਰ (ਮੇਸੀ ਤਪਾ,ਬੰਟੀ ਦੀਕਸ਼ਿਤ)**- ਸਥਾਨਕ ਸ਼ਹਿਰ 'ਚ ਬਿਜਲੀ ਦੇ ਅਣਐਲਾਨੇ ਕੱਟਾਂ ਅਤੇ ਮੱਧਮ ਲਾਈਟ ਆਉਣ ਅਤੇ ਪਾਣੀ ਦੀ ਸਪਲਾਈ 'ਚ ਪੈ ਰਹੀ ਰੁਕਾਵਟ ਤੋਂ ਦੁੱਖੀ ਮੰਡੀ ਨਿਵਾਸੀਆਂ ਨੇ ਪਾਵਰਕਾਮ ਅਤੇ ਨਗਰ ਕੌਂਸਲ ਖਿਲਾਫ ਰੋਸ਼ ਪ੍ਰਗਟ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਸੰਬੰਧੀ ਵੁਨੀਤ ਕੁਮਾਰ,ਯੋਗੇਸ਼ ਬੱਲੋ,ਸੁਤੰਤਰ ਕੁਮਾਰ,ਸ਼ਿਵ ਕੁਮਾਰ,ਰਮੇਸ਼ ਕੁਮਾਰ,ਰਾਜਿੰਦਰ ਸਿੰਘ ਆਦਿ ਮੰਡੀ ਨਿਵਾਸੀਆਂ ਦਾ ਕਹਿਣਾ ਹੈ ਕਿ ਪਿਛਲੇ 2-3 ਦਿਨਾਂ ਤੋਂ ਸ਼ਹਿਰ 'ਚ ਵਾਰ-ਵਾਰ ਬਿਜਲੀ ਦੇ ਅਣਐਲਾਨੇ ਕੱਟ ਅਤੇ ਮੱਧਮ ਲਾਈਟ ਆ ਰਹੀ ਹੈ ਜਿਸ ਕਾਰਨ ਮੰਡੀ ਨਿਵਾਸੀਆਂ ਨੂੰ ਬਹੁਤ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪ੍ਰੀਖਿਆਵਾਂ ਨੇੜੇ ਹੋਣ ਕਾਰਨ ਗਰੀਬ ਘਰਾਂ ਦੇ ਬੱਚਿਆਂ ਨੂੰ ਹਨ੍ਹੇਰੇ 'ਚ ਪੜ੍ਹਨਾ ਮੁਸ਼ਕਲ ਆ ਰਹੀ ਹੈ ਉਨ੍ਹਾਂ ਦੱਸਿਆ ਬਿਜਲੀ ਦੇ ਮੱਧਮ ਹੋਣ ਕਾਰਨ ਨਗਰ ਕੌਂਸਲ ਤਪਾ ਵੱਲੋਂ ਦਿੱਤੀ ਜਾ ਰਹੀ ਵਾਟਰ ਸਪਲਾਈ ਵੀ ਬੰਦ ਪਈ ਹੈ ਜਿਸ ਕਾਰਨ ਮੰਡੀ ਨਿਵਾਸੀਆਂ ਨੂੰ ਹੋਰ ਵੀ ਜਿਆਦਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਲੋਕਾਂ ਨੂੰ ਜਿਨ੍ਹਾਂ ਦੇ ਘਰ ਲੱਗੇ ਸਬਮਰਸੀਬਲ ਪੰਪਾਂ ਤੋਂ ਪਾਣੀ ਭਰਕੇ ਡੰਗ ਟੱਪਾਇਆ ਜਾ ਰਿਹਾ ਹੈ ਜਿਨ੍ਹਾਂ ਦੇ ਘਰਾਂ ਨੇੜੇ ਅਜਿਹੀ ਸਹੂਲਤ ਨਾ ਹੋਣ ਕਾਰਨ ਦੂਰ-ਦੁਰਾਡੇ ਤੋਂ ਪਾਣੀ ਦੀਆਂ ਬਾਲਟੀਆਂ ਭਰ ਕੇ ਲਿਆਣੀਆਂ ਪੈਂਦੀਆਂ ਹਨ ਉਨ੍ਹਾਂ ਦੱਸਿਆ ਕਿ ਪਾਣੀ ਇਸ ਵੱਡੀ ਸਮੱਸ਼ਿਆਂ ਕਾਰਨ ਸਵੇਰੇ ਸਮੇਂ ਆਪ ਅਤੇ ਬੱਚਿਆਂ ਨੂੰ ਨਹਾਉਣ ਸਮੇਂ ਦਿੱਕਤਾਂ ਆ ਰਹੀਆਂ ਹਨ।ਖਾਸ ਕਰਕੇ ਸਲੱਮ ਖੇਤਰਾਂ 'ਚ ਲੋਕਾਂ ਨੂੰ ਅਪਣੇ ਪਸ਼ੂਆਂ ਨੂੰ ਪਾਣੀ ਪਿਲਾਉਣ 'ਚ ਵੀ ਭਾਰੀ ਮੁਸ਼ਕਲਾਂ ਆ ਰਹੀਆਂ ਹਨ।ਉਨ੍ਹਾਂ ਦੀ ਪਾਵਰਕਾਮ ਵਿਭਾਗ ਤਪਾ ਤੋਂ ਮੰਗ ਹੈ ਕਿ ਬਿਜਲੀ ਦੇ ਲੱਗ ਰਹੇ ਅਣਐਲਾਨੇ ਕੱਟਾਂ ਅਤੇ ਮੱਧਮ ਆ ਰਹੀ ਬਿਜਲੀ ਦੀ ਸਮੱਸ਼ਿਆਂ ਦਾ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇ। ਕੁਝ ਲੋਕਾਂ ਨੇ ਇਹ ਵੀ ਦੱਸਿਆ ਕਿ ਸ਼ਹਿਰ 'ਚ ਨਵੇਂ ਕੁਨੈਕਸ਼ਨ ਲੈਣ ਲਈ ਸਕਿਊਰਿਟੀਆਂ ਭਰੀਆਂ ਪਈਆਂ ਹਨ ਪਰ ਮੀਟਰਾਂ ਦੇ ਨਾ ਲੱਗਣ ਕਾਰਨ ਉਨ੍ਹਾਂ ਨੂੰ ਹਨ੍ਹੇਰੇ 'ਚ ਆਪਣੇ ਕੰਮ ਸੰਵਾਰਨੇ ਪੈ ਰਹੇ ਹਨ।ਉਨ੍ਹਾਂ ਮੰਗ ਕੀਤੀ ਕਿ ਅਪਲਾਈ ਕੀਤੇ ਨਵੇ ਕੁਨੈਕਸ਼ਨਾਂ ਦੇ ਮੀਟਰ ਜਲਦੀ ਤੋਂ ਜਲਦੀ ਲਗਾਏ ਜਾਣ।ਇਸ ਸੰਬੰਧੀ ਪਾਵਰਕਾਮ ਦਾ ਕਹਿਣਾ ਹੈ ਕਿ ਲਗਾਤਾਰ 2 ਮਹੀਨੇ ਪਰਾਲੀ ਵਾਲੇ ਪਾਸੇ ਡਿਊਟੀਆਂ ਲੱਗਣ ਕਾਰਨ ਉਹ ਫੀਲਡ 'ਚ ਨਹੀਂ ਜਾ ਸਕੇ ਇਸ ਲਈ ਹੁਣ ਡਿਊਟੀਆਂ ਤੋਂ ਫਾਰਗ ਹੋ ਗਏ ਹਨ ਅਤੇ ਨਵੇਂ ਮੀਟਰ ਲੱਗਣੇ ਵੀ ਸ਼ੁਰੂ ਹੋ ਗਏ ਹਨ।ਇਸ ਸੰਬੰਧੀ ਜਦ ਪਾਵਰਕਾਮ ਸਬ-ਡਵੀਜਨ ਵਨ ਦੇ ਐਸ.ਡੀ.ਓ ਰਾਮ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਲਾਈਨ 'ਚ ਪਏ ਨੁਕਸ ਨੂੰ ਕਰਮਚਾਰੀ ਲੱਗੇ ਹੋਏ ਹਨ ਜਲਦੀ ਹੱਲ ਕਰ ਦਿੱਤਾ ਜਾਵੇਗਾ।ਨਗਰ ਕੌਂਸਲ ਤਪਾ ਦਾ ਕਹਿਣਾ ਹੈ ਕਿ ਪੀਣ ਵਾਲੇ ਪਾਣੀ ਦੀ ਸਪਲਾਈ ਬਿਜਲੀ ਦੇ ਵਾਰ-ਵਾਰ ਜਾਣ ਨਾਲ ਮੋਟਰਾਂ ਬੰਦ ਹੋ ਜਾਂਦੀਆਂ ਹਨ,ਜਿਸ ਕਾਰਨ ਪੀਣ ਵਾਲੇ ਪਾਣੀ ਦੀ ਸਪਲਾਈ 'ਚ ਵਿਘਨ ਪਿਆ ਹੋਇਆ ਹੈ। ਨਗਰ ਕੌਂਸਲ ਤਪਾ ਦੀਆਂ ਮੋਟਰਾਂ 'ਚ ਕੋਈ ਨੁਕਸ ਨਹੀਂ ਹੈ ਇਹ ਬਿਜਲੀ ਸਪਲਾਈ ਦੀ ਰੁਕਾਵਟ ਕਾਰਨ ਸਮੱਸ਼ਿਆਂ ਪੈਦਾ ਹੋਈ ਹੈ।

# ਹੁਣ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਅੰਦਰੂਨੀ ਪਵਿੱਤਰਤਾ ਦੇ ਨਾਲ ਨਾਲ ਬਾਹਰੀ ਸ਼ਹਿਰ ਨੂੰ ਸਾਫ਼-ਸੁਥਰਾ ਬਣਾਉਣ ਲਈ ਨਿਭਾਵੇਗੀ ਅਹਿਮ ਭੂਮਿਕਾ - ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ

## ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪੰਜ ਨੁਕਤੀ ਮਿਸ਼ਨ ਸ਼ੁਰੂ




**ਅੰਮ੍ਰਿਤਸਰ, 10 ਦਸੰਬਰ (ਸੋਨੂੰ ਨਰੂਲਾ)** - ਪੰਜਾਬ ਸਰਕਾਰ ਵੱਲੋਂ ਅੰਮ੍ਰਿਤਸਰ ਦੇ ਅੰਦਰੂਨ ਸ਼ਹਿਰ ਨੂੰ ਪਵਿੱਤਰ ਸ਼ਹਿਰ ਐਲਾਨਣ ਤੋਂ ਬਾਅਦ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਅੰਮ੍ਰਿਤਸਰ ਸ਼ਹਿਰ ਨੂੰ ਸਾਫ਼, ਹਰਾ-ਭਰਾ ਅਤੇ ਸੁੰਦਰ ਬਣਾਉਣ ਲਈ ਇੱਕ ਵੱਡੀ ਪਹਿਲਕਦਮੀ ਕਰਨ ਦਾ ਐਲਾਨ ਕੀਤਾ ਹੈ। ਪਵਿੱਤਰ ਅਤੇ ਸਾਫ਼ ਅੰਮ੍ਰਿਤਸਰ ਸ਼ਹਿਰ÷ ਮਿਸ਼ਨ ਦੀ ਸ਼ੁਰੂਆਤ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਜਿਲ੍ਹਾ ਪ੍ਰਸ਼ਾਸਨ ਨੂੰ ਸਹਿਯੋਗ ਦੇਣ ਲਈ ਇੱਕ ਪੰਜ ਨੁਕਤੀ ਰਣਨੀਤੀ ਤਿਆਰ ਕੀਤੀ ਗਈ ਹੈ। ਅੱਜ ਅਰਦਾਸ ਤੋਂ ਬਾਅਦ ਯੂਨੀਵਰਸਿਟੀ ਦੇ ਮੁੱਖ ਗੇਟ ਤੋਂ ਪੁਤਲੀਘਰ ਚੌਂਕ ਤਕ ਇਸ ਸਫਾਈ ਮੁਹਿੰਮ ਵਿੱਚ ਐਨ ਐੱਸ ਐੱਸ ਦੇ 200 ਵਲੰਟੀਅਰਾਂ, ਅਧਿਆਪਕਾਂ, ਸਟਾਫ਼ ਅਤੇ ਵਿਦਿਆਰਥੀਆਂ ਨੇ ਜਿੱਥੇ ਹਿੱਸਾ ਲਿਆ ਉੱਥੇ ਸ਼ਹਿਰ ਦੇ ਦੁਕਾਨਦਾਰਾਂ ਅਤੇ ਵਸਨੀਕਾਂ ਨੂੰ ਆਲੇ-ਦੁਆਲੇ ਸਾਫ਼ ਰੱਖਣ ਦੀ ਜ਼ਿੰਮੇਵਾਰੀ ਲੈਣ ਲਈ ਦਸਤਖਤ ਕਰਵਾਉਣ ਦੀ ਮੁਹਿਮ ਸ਼ੁਰੂ ਕਰਨ ਸਮੇਂ ਵਾਈਸ ਚਾਂਸਲਰ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

ਇਸ ਮੌਕੇ ਡੀਨ ਅਕਾਦਮਿਕ ਮਾਮਲੇ ਡਾ. ਪਲਵਿੰਦਰ ਸਿੰਘ, ਰਜਿਸਟਰਾਰ ਪ੍ਰੋਫੈਸਰ ਕੇ ਐਸ ਚਾਹਲ, ਡੀਨ ਵਿਦਿਆਰਥੀ ਭਲਾਈ ਪ੍ਰੋਫੈਸਰ ਐਚ ਐਸ ਸੈਣੀ, ਗੋਲਡਨ ਜੁਬਲੀ ਸੈਂਟਰ ਫਾਰ ਇਨੋਵੇਸ਼ਨ ਅਤੇ ਐਂਟਰ ਪਰਨਿਓਰਸ਼ਿਪ ਦੇ ਕੋਆਰਡੀਨੇਟਰ ਪ੍ਰੋ. ਬਲਵਿੰਦਰ ਸਿੰਘ, ਐਨਐਸਐਸ ਕੋਆਰਡੀਨੇਟਰ ਡਾ. ਬਲਬੀਰ ਸਿੰਘ, ਡਾ. ਹਰਕਿਰਨਦੀਪ ਕੌਰ, ਯੂਥ ਵੈਲਫੇਅਰ ਦੇ ਇੰਚਾਰਜ ਡਾਕਟਰ ਅਮਨਦੀਪ ਸਿੰਘ, ਸੁਰੱਖਿਆ ਅਫਸਰ ਸ. ਹਰਵਿੰਦਰ ਸਿੰਘ, ਅਫਸਰ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਅਮਨ ਅਰੋੜਾ ਨਾਨ ਟੀਚਿੰਗ ਕਰਮਚਾਰੀ ਇਮਪਲਾਈਜ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਹਰਦੀਪ ਸਿੰਘ ਨਾਗਰਾ ਵੱਡੀ ਗਿਣਤੀ ਵਿੱਚ ਵਿਦਿਆਰਥੀ ਅਧਿਆਪਕ ਅਧਿਕਾਰੀ ਕਰਮਚਾਰੀ ਅਤੇ ਵਾਤਾਵਰਨ ਪ੍ਰੇਮੀ ਮੌਜੂਦ ਸਨ।

ਵਾਈਸ ਚਾਂਸਲਰ ਨੇ ਕਿਹਾ ਕਿ ਇਹ ਸਾਡੀ ਨੈਤਿਕ ਜ਼ਿੰਮੇਵਾਰੀ ਹੈ ਕਿ ਸ਼ਹਿਰ ਦੀ ਪਵਿੱਤਰਤਾ ਬਰਕਰਾਰ ਰੱਖਣ ਵਿਚ ਅਸੀਂ ਜਿੱਥੇ ਵੀ ਜੋ ਭੂਮਿਕਾ ਨਿਭਾਅ ਸਕਦੇ ਹਾਂ ਨਿਭਾਈਏ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਅੰਮ੍ਰਿਤਸਰ ਨੂੰ ਦੁਨੀਆ ਦਾ ਸਭ ਤੋਂ ਵੱਧ ਸਾਫ਼-ਸ਼ਹਿਰ ਬਣਾਉਣ ਵਿਚ ਆਪਣਾ ਯੋਗਦਾਨ ਪਵੇਗੀ ਜਿਸ ਦੀ ਅੱਜ ਤੋਂ ਸ਼ੁਰੂਆਤ ਹੋ ਗਈ ਹੈ। ਨਿਯਮਤ ਸਫਾਈ ਮੁਹਿੰਮਾਂ, ਦਸਤਖਤ ਮੁਹਿੰਮ,ਸਫਾਈ ਰਾਜਦੂਤ ,ਜਾਗਰੂਕਤਾ ਪ੍ਰੋਗਰਾਮ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਅੱਜ ਤੋਂ ਇਸ ਦੀ ਸ਼ੁਰੂਆਤ ਆਪ ਝਾੜੂ ਫੇਰ ਕਿ ਕੀਤੀ। ਉਹਨਾਂ ਦੱਸਿਆ ਕਿ ਵਿਦਿਆਰਥੀਆਂ ਅਤੇ ਕਰਮਚਾਰੀਆਂ ਨੂੰ ਸਫਾਈ ਰਾਜਦੂਤ ਨਿਯੁਕਤ ਕੀਤਾ ਜਾਵੇਗਾ, ਜੋ ਜ਼ਿਲ੍ਹਾ ਪ੍ਰਸ਼ਾਸਨ ਨਾਲ ਮਿਲ ਕੇ ਸਫ਼ਾਈ ਮੁੱਦਿਆਂ ਤੇ ਨਜ਼ਰ ਰੱਖਣਗੇ ਅਤੇ ਤੁਰੰਤ ਕਾਰਵਾਈ ਕਰਵਾਉਣਗੇ। ਸਕੂਲਾਂ, ਕਾਲਜਾਂ ਅਤੇ ਜਨਤਕ ਥਾਵਾਂ ਤੇ ਸੈਮੀਨਾਰ, ਵਰਕਸ਼ਾਪਾਂ ਅਤੇ ਨੁੱਕੜ ਨਾਟਕਾਂ ਰਾਹੀਂ ਸਫਾਈ ਅਤੇ ਜ਼ਿੰਮੇਵਾਰ ਨਾਗਰਿਕਤਾ ਬਾਰੇ ਜਾਗਰੂਕਤਾ ਫੈਲਾਈ ਜਾਵੇਗੀ।

ਮਾਨਤਾ ਪ੍ਰਾਪਤ ਕਾਲਜਾਂ ਦੀ ਭਾਗੀਦਾਰੀ ਨੂੰ ਵੀ ਯਕੀਨੀ ਬਣਾਇਆ ਜਾਵੇਗਾ। ਯੂਨੀਵਰਸਿਟੀ ਨਾਲ ਸਬੰਧਤ ਸਾਰੇ ਕਾਲਜਾਂ ਨੂੰ ਆਪਣੇ ਇਲਾਕਿਆਂ ਵਿੱਚ ਸਫਾਈ ਗਤੀਵਿਧੀਆਂ ਲਈ ਉਤਸ਼ਾਹਿਤ ਕੀਤਾ ਜਾਵੇਗਾ।

ਵਾਈਸ-ਚਾਂਸਲਰ ਪ੍ਰੋਫੈਸਰ ਕਰਮਜੀਤ ਸਿੰਘ ਨੇ ਕਿਹਾ ਕਿ ਇਹ ਸਾਡੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਪਵਿੱਤਰ ਅੰਮ੍ਰਿਤਸਰ ਸ਼ਹਿਰ ਦੀ ਪਵਿੱਤਰਤਾ ਨੂੰ ਕਾਇਮ ਰੱਖਿਆ ਜਾਵੇ ਤਾਂ ਜੋ ਲੱਖਾਂ ਸ਼ਰਧਾਲੂ ਇਸ ਪਵਿੱਤਰ ਸ਼ਹਿਰ ਦੇ ਯਾਤਰਾ ਕਰਨ ਸਮੇਂ ਅਧਿਆਤਮਕ ਅਨੁਭਵ ਨੂੰ ਮਾਣ ਸਕਣ। ਉਹਨਾਂ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਸੁਪਨਾ ਹੈ ਕਿ ਉਹ ਅੰਮ੍ਰਿਤਸਰ ਸ਼ਹਿਰ ਦੇ ਸਾਰੇ ਵਸਨੀਕਾਂ, ਸੰਸਥਾਵਾਂ ਅਤੇ ਅਧਿਕਾਰੀਆਂ ਨਾਲ ਮਿਲ ਕੇ ਇਸ ਮੁਹਿਮ ਉਪਰ ਚਲਦੇ ਹੋਏ ਅੰਮ੍ਰਿਤਸਰ ਨੂੰ ਦੁਨੀਆ ਦੇ ਸਭ ਤੋਂ ਸਾਫ਼ ਸ਼ਹਿਰ ਦਾ ਮਾਣ ਦਵਾਈਏ।

**ਪੰਜ ਨੁਕਾਤੀ ਪ੍ਰੋਗਰਾਮ ਵਿਸਥਾਰ ਵਿੱਚ :**

**ਨਿਯਮਤ ਸਫਾਈ ਮੁਹਿੰਮ:**

ਇਸ ਕਾਰਜ ਦੀ ਸ਼ੁਰੂਆਤ ਪਰਮਾਤਮਾ ਅੱਗੇ ਅਰਦਾਸ ਕਰਨ ਅਤੇ ਗੁਰੂ ਸਾਹਿਬ ਤੋਂ ਅਸ਼ੀਰਵਾਦ ਲੈਣ ਤੋਂ ਬਾਅਦ ਮਾਣਯੋਗ ਵਾਈਸ-ਚਾਂਸਲਰ ਪ੍ਰੋਫੈਸਰ ਕਰਮਜੀਤ ਸਿੰਘ ਜੀ ਦੀ ਅਗਵਾਈ ਹੇਠ, ਗੁਰੂ ਨਾਨਕ ਦੇਵ ਯੂਨੀਵਰਸਿਟੀਦੇ ਮੁੱਖ ਗੇਟ ਤੋਂ ਪੁਤਲੀਘਰ ਚੌਂਕ (ਸੜਕ ਦੇ ਦੋਵੇਂ ਪਾਸੇ) ਤੱਕ ਇੱਕ ਵੱਡੇ ਪੱਧਰ 'ਤੇ ਸਫਾਈ ਮੁਹਿੰਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਯੂਨੀਵਰਸਿਟੀ ਦੀ NSS ਯੂਨਿਟ ਦੇ ਲਗਭਗ 200 ਵਲੰਟੀਅਰਾਂ, ਯੂਨੀਵਰਸਿਟੀ ਦੇਅਧਿਆਪਕ, ਗੈਰ-ਅਧਿਆਪਨ ਸਟਾਫ਼ ਅਤੇ ਵਿਦਿਆਰਥੀਆਂ ਨੇ ਸਰਗਰਮੀ ਨਾਲ ਹਿੱਸਾ ਲਿਆ। ਯੂਨੀਵਰਸਿਟੀ ਨੇ ਇਹ ਯਕੀਨੀ ਬਣਾਇਆ ਕਿ ਅਜਿਹੀਆਂ ਮੁਹਿੰਮਾਂ ਲਗਾਤਾਰ ਜਾਰੀ ਰਹਿਣਗੀਆਂ।

**2. ਦਸਤਖਤ ਮੁਹਿੰਮ:**

ਅੰਮ੍ਰਿਤਸਰ ਸ਼ਹਿਰ ਦੇ ਦੁਕਾਨਦਾਰਾਂ ਅਤੇ ਨਿਵਾਸੀਆਂ ਨੂੰ ਆਪਣੇ ਆਲੇ ਦੁਆਲੇ ਨੂੰ ਸਾਫ਼ ਰੱਖਣ ਲਈ ਸਮੂਹਿਕ ਜ਼ਿੰਮੇਵਾਰੀ ਲੈਣ ਲਈ ਇੱਕ ਦਸਤਖਤ ਮੁਹਿੰਮ ਸ਼ੁਰੂ ਕੀਤੀ ਗਈ ਜਿਸ ਅਨੁਸਾਰ ਸਾਰੇ ਦੁਕਾਨਦਾਰਾਂ ਤੋਂ ਸਾਈਨ ਕਰਾ ਕੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਉਹ ਆਪਣੀ ਦੁਕਾਨ ਦੇ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖਣਗੇ।

**3.ਸਫ਼ਾਈ ਰਾਜਦੂਤ:**

ਗੁਰੂ ਨਾਨਕ ਦੇਵ ਯੂਨੀਵਰਸਿਟੀਵਿਦਿਆਰਥੀਆਂ ਅਤੇ ਕਰਮਚਾਰੀਆਂ ਨੂੰ"ਸਫ਼ਾਈ ਦੇਰਾਜਦੂਤ"ਵਜੋਂਮਾਨਤਾ ਦੇਵੇਗੀ ਜੋ ਜ਼ਿਲ੍ਹਾ ਪ੍ਰਸ਼ਾਸਨ ਦੀ ਸਹਾਇਤਾ ਨਾਲ ਸਵੱਛਤਾ ਮੁੱਦਿਆਂ ਤੇ ਸਹਿਮਤੀ ਬਣਾਈ ਰੱਖਣਗੇ ਅਤੇ ਤੁਰੰਤ ਸਫ਼ਾਈ ਦੀ ਲੋੜ ਵਾਲੇ ਖੇਤਰਾਂ ਦੀ ਰਿਪੋਰਟ ਕਰਕੇ ਉਸ ਨੂੰ ਸਾਫ਼-ਸੁਥਰਾ ਕਰਨਗੇ।

**4. ਸੱਭਿਆਚਾਰ ਅਤੇ ਸੰਵਾਦ ਰਾਹੀਂ ਜਾਗਰੂਕਤਾ:**

ਯੂਨੀਵਰਸਿਟੀ ਸਕੂਲਾਂ, ਕਾਲਜਾਂ ਅਤੇ ਜਨਤਕ ਥਾਵਾਂ 'ਤੇ ਸਫ਼ਾਈ, ਜ਼ਿੰਮੇਵਾਰ ਨਾਗਰਿਕਤਾ ਅਤੇ ਰਹਿੰਦ-ਖੂੰਹਦ ਪ੍ਰਬੰਧਨ ਬਾਰੇ ਜਾਗਰੂਕਤਾ ਫੈਲਾਉਣ ਲਈ ਸੈਮੀਨਾਰ, ਵਰਕਸ਼ਾਪਾਂ ਅਤੇ ਨੁੱਕੜ ਨਾਟਕ ਆਯੋਜਿਤ ਕਰੇਗੀ।

**5. ਮਾਨਤਾ ਪ੍ਰਾਪਤ ਕਾਲਜਾਂ ਦੀ ਭਾਗੀਦਾਰੀ:**

ਗੁਰੂ ਨਾਨਕ ਦੇਵ ਯੂਨੀਵਰਸਿਟੀਦੇ ਸਾਰੇ ਮਾਨਤਾ ਪ੍ਰਾਪਤ ਕਾਲਜਾਂ ਨੂੰ ਆਪੋ ਆਪਣੇ ਇਲਾਕਿਆਂ ਦੀਆਂ ਸਫਾਈ ਗਤੀਵਿਧੀਆਂ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ ਅਤੇਇਹ ਯਕੀਨੀ ਬਣਾਇਆ ਜਾਵੇਗਾ ਕਿ ਉਹ ਇਸ ਮੁਹਿੰਮ ਵਿੱਚ ਵੱਧ ਚੜ੍ਹਕੇ ਹਿੱਸਾ ਲੈਣ।

# ਨਾਬਲਿਗ ਬੱਚੇ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਸਲਾਹ, ਨਸ਼ੇ ਨੇ ਮਾਪਿਆਂ ਤੋਂ ਨੌਜਵਾਨ ਪੁੱਤ ਖੋਹੇ: ਸਮਾਜਸੇਵੀ ਆਸ਼ੂ ਭੂਤ

**ਤਪਾ ਮੰਡੀ,10 ਦਸੰਬਰ (ਬੰਟੀ ਦੀਕਸ਼ਿਤ)**: ਅੱਜ ਕੱਲ੍ਹ ਆਮ ਦੇਖਣ ਸੁਨਣ ਨੂੰ ਮਿਲ ਹੈ ਕਿ ਨਸ਼ੇ ਬਸਤੀਆਂ ਦੀਆਂ ਕਰਿਆਨਾ ਦੀ ਦੁਕਾਨਾਂ ਅਤੇ ਬੀੜੀ,ਸਿਗਰਟ,ਤੰਬਾਕੂ ਦੇ ਖੋਖੀਆਂ ਤੇ ਨਾਬਲਿਗ ਬੱਚਿਆਂ 'ਤੇ ਨੌਜਵਾਨਾਂ ਨੂੰ ਆਸਾਨੀ ਨਾਲ ਮਿਲ ਰਿਹਾ ਹੈ।ਨਾਬਲਿਗ ਬੱਚੇ ਅਤੇ ਨੌਜਵਾਨ ਸਾਡੇ ਦੇਸ਼ ਅਤੇ ਸਮਾਜ ਦੇ ਰੀੜ੍ਹ ਦੀ ਹੱਡੀ ਹੁੰਦੇ ਹਨ।ਸਿੱਖਿਆ ਪੂਰੀ ਕਰਨ ਤੋਂ ਬਾਅਦ ਨੌਜਵਾਨਾਂ ਕੋਲ ਦੋ ਹੀ ਰਸਤੇ ਬੱਚਦੇ ਹਨ।ਇਕ ਆਪਣਾ ਭਵਿੱਖ ਸੰਵਾਰਨਾ ਅਤੇ ਦੂਜਾ ਨਸ਼ਿਆਂ ਤੋਂ



ਦੂਰੀ ਬਣਾਈ ਰੱਖਣਾ।ਅਜੋਕੇ ਸਮੇਂ ਵਿਚ ਅਕਸਰ ਨਾਬਲਿਗ ਬੱਚੇ ਅਤੇ ਨੌਜਵਾਨ ਜਵਾਨੀ ਵਿਚ ਗਲਤ ਰਸਤੇ 'ਤੇ ਪੈਂਦੇ ਦਿਖਾਈ ਦਿੰਦੇ ਹਨ,ਜੋ ਕਿ ਉਨ੍ਹਾਂ ਲਈ ਤੇ ਉਨ੍ਹਾਂ ਦੇ ਮਾਪਿਆਂ ਅਤੇ ਭੈਣ ਭਰਾਵਾਂ ਲਈ ਬਹੁਤ ਹੀ ਨੁਕਸਾਨਦਾਇਕ ਸਾਬਿਤ ਹੁੰਦਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨਗਰ ਕੌਂਸਲ ਤਪਾ ਦੇ ਸਾਬਕਾ ਪ੍ਰਧਾਨ ਅਤੇ ਸਮਾਜਸੇਵੀ ਅਸਵਨੀ ਕੁਮਾਰ ਗਰਗ ਆਸ਼ੂ ਭੂਤ ਨੇ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਨਸ਼ੇ ਦੀ ਲੱਤ ਬਹੁਤ ਹੀ ਮਾੜੀ ਹੈ,ਜੋ ਕਿ ਅੱਜ ਕੱਲ੍ਹ ਨਾਬਲਿਗ ਬੱਚਿਆਂ 'ਤੇ ਨੌਜਵਾਨਾਂ ਵਿੱਚ ਆਮ ਹੀ ਦੇਖਣ ਨੂੰ ਮਿਲ ਰਹੀ ਹੈ।ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਨੌਜਵਾਨ ਸਿਰਫ਼ ਆਪਣਾ ਨੁਕਸਾਨ ਨਹੀਂ ਕਰਦੇ,ਸਗੋਂ ਆਪਣੇ ਪਰਿਵਾਰ ਆਪਣੇ ਮਾਪਿਆਂ ਦੇ ਸੁਪਨੇ ਵੀ ਤਾਰ-ਤਾਰ ਕਰ ਦਿੰਦੇ ਹਨ।ਨਾਬਲਿਗ ਬੱਚੇ 'ਤੇ ਨੌਜਵਾਨਾਂ ਨੂੰ ਮਾੜੇ ਸਾਥੀਆਂ ਤੋਂ ਦੂਰੀ ਬਣਾ ਕੇ ਰਹਿਣਾ ਚਾਹੀਦਾ ਹੈ ਸਿਰਫ਼ ਆਪਣਾ ਟੀਚਾ ਮਿੱਥ ਕੇ ਸਮਾਜ 'ਚ ਅੱਗੇ ਵਧਣਾ ਚਾਹੀਦਾ ਹੈ।ਸਮਾਜਸੇਵੀ ਆਸ਼ੂ ਭੂਤ ਨੇ ਕਿਹਾ ਕਿ ਨਸਿਆ ਕਰਕੇ ਸਾਡੇ ਸਮਾਜ 'ਚ ਅਪਰਾਧ ਵਿੱਚ ਵੀ ਵਾਧਾ ਹੋਇਆ ਹੈ ਆਮ ਦੇਖਣ ਸੁਣਨ ਨੂੰ ਮਿਲਦਾ ਹੈ ਕਿ ਨਸ਼ੇ ਕਰਨ ਵਾਲੇ ਨੌਜਵਾਨ ਆਪਣੀ ਨਸ਼ੇ ਦੀ ਪੂਰਤੀ ਲਈ ਕਿਸੇ ਧੀ,ਭੈਣ ਅਤੇ ਬਜ਼ੁਰਗਾਂ ਔਰਤਾਂ ਦੀਆਂ ਸੋਨੇ ਦੇ ਕੰਨ ਦੇ ਟੌਪਸ ਜਾ ਚੈਨ ਖੋਹ ਕੇ ਫਰਾਰ ਹੋ ਜਾਂਦੇ ਹਨ ਨੌਜਵਾਨਾਂ ਵੱਲੋ ਇਸ ਤਰ੍ਹਾਂ ਕਰਨ ਨਾਲ ਜਿਸ ਨਾਲ ਵੀ ਇਹ ਵਾਰਦਾਤ ਹੁੰਦੀ ਹੈ ਉਸ ਦਾ ਮਾਲੀ ਨੁਕਸਾਨ ਤਾ ਹੁੰਦਾ ਹੀ ਹੈ ਜਾਣ ਵੀ ਜਾ ਸਕਦੀ ਹੈ।ਅੰਤ'ਚ ਉਨਾਂ ਕਿਹਾ ਹੁਣ ਵੀ ਸਮਾਂ ਹੈ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ 'ਚੋਂ ਨਿੱਕਲ ਕੇ ਆਪਣੇ ਮਾਪਿਆਂ ਦਾ ਸਹਾਰਾ ਬਨਣਾ ਚਾਹੀਦਾ।

# ਫਰੀਦਕੋਟ ਪੁਲਿਸ ਨੂੰ ਨਸ਼ਾ ਵਿਰੋਧੀ ਮੁਹਿੰਮ ਤਹਿਤ ਮਿਲੀ ਅਹਿਮ ਕਾਮਯਾਬੀ, ਨਾਕਾਬੰਦੀ ਦੌਰਾਨ ਨਸ਼ਾ ਤਸਕਰ ਨੂੰ 100 ਗ੍ਰਾਮ ਹੈਰੋਇਨ, 50 ਗ੍ਰਾਮ ਅਫੀਮ ਅਤੇ ਆਈ-20 ਕਾਰ ਸਮੇਤ ਕੀਤਾ ਕਾਬੂ

**ਕੋਟਕਪੂਰਾ, 10 ਨਵੰਬਰ (ਟਿੰਕੂ ਕੁਮਾਰ)** :- ਡਾ. ਪ੍ਰਗਿਆ ਜੈਨ ਐਸ.ਐਸ.ਪੀ. ਫਰੀਦਕੋਟ ਦੇ ਨਿਰਦੇਸ਼ਾਂ ਅਧੀਨ ਚੱਲ ਰਹੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਤਸਕਰਾ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਤਹਿਤ ਜੋਗੇਸ਼ਵਰ ਸਿੰਘ ਗੋਰਾਇਆ ਐਸ.ਪੀ. (ਇੰਨਵੈਸਟੀਗੇਸ਼ਨ) ਦੀ ਰਹਿਨੁਮਾਈ ਹੇਠ ਫਰੀਦਕੋਟ ਪੁਲਿਸ ਵੱਲੋਂ ਨਾਕਾਬੰਦੀ ਦੌਰਾਨ ਚੈਕਿੰਗ ਦੌਰਾਨ 01 ਨਸ਼ਾ ਤਸਕਰ ਨੂੰ ਗ੍ਰਿਫ਼ਤਾਰ ਕਰਕੇ ਉਸ ਪਾਸੋ 100 ਗ੍ਰਾਮ ਹੈਰੋਇਨ ਸਮੇਤ ਆਈ-20 ਕਾਰ ਬਰਾਮਦ ਕੀਤੀ ਗਈ। ਗ੍ਰਿਫ਼ਤਾਰ ਦੋਸ਼ੀ ਦੀ ਪਹਿਚਾਣ ਮਲਕ ਸਿੰਘ ਪੁੱਤਰ ਲਛਮਣ ਸਿੰਘ ਵਜੋ ਹੋਈ ਹੈ, ਜੋ ਕਿ ਪਿੰਡ ਦੀਪ ਸਿੰਘ ਵਾਲਾ ਦਾ ਰਿਹਾਇਸ਼ੀ ਹੈ। ਪੁਲਿਸ ਪਾਰਟੀ ਵੱਲੋਂ ਦੋਸ਼ੀ ਪਾਸੋ 100 ਗ੍ਰਾਮ ਹੈਰੋਇਨ ਤੇ 50 ਗਰਾਮ ਅਫੀਮ ਸਮੇਤ ਆਈ-20 ਕਾਰ ਨੰਬਰੀ ਡੀ.ਐਲ-7-ਸੀ ਐਲ-4540 ਬਰਾਮਦ ਕੀਤੀ ਗਈ ਹੈ। ਜਾਣਕਾਰੀ ਮੁਤਾਬਿਕ ਮਿਤੀ 9 ਨਵੰਬਰ ਨੂੰ ਸਹਾਇਕ ਥਾਣੇਦਾਰ ਸ:ਥ: ਤੇਜ ਸਿੰਘ 791/ਫਰੀਦਕੋਟ ਥਾਣਾ ਸਿਟੀ ਫਰੀਦਕੋਟ ਸਮੇਤ ਪੁਲਿਸ ਪਾਰਟੀ ਦੇ ਬਰਾਏ ਕਰਨੇ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾ ਦੇ ਸਬੰਧ ਵਿੱਚ ਨੇੜੇ ਰੇਲਵੇ ਬ੍ਰਿਜ ਤਲਵੰਡੀ ਰੋਡ ਫਰੀਦਕੋਟ ਮੌਜੂਦ ਸੀ ਤਾ ਕਾਊਂਟਰ ਇਟੇਲੀਜੈਸੀ ਫਰੀਦਕੋਟ ਦੇ ਕਰਮਚਾਰੀ ਮਲਾਕੀ ਹੋਏ ਜਿੰਨਾ ਨੇ ਦੱਸਿਆ ਕਿ ਦੋਸ਼ੀ ਮਲਕ ਸਿੰਘ ਜੋ ਕੇਂਦਰੀ ਜੇਲ ਫਰੀਦਕੋਟ ਵਿਖੇ ਪੈਸਕੋ ਕਰਮਚਾਰੀ ਹੈ, ਜੋ ਜੇਲ ਵਿੱਚ ਨਸ਼ਾ ਸਪਲਾਈ ਕਰਨ ਦਾ ਆਦੀ ਹੈ, ਜੋ ਅੱਜ ਆਪਣੀ 1-20 ਕਾਰ 'ਤੇ ਸਵਾਰ ਹੋ ਕੇ ਫਰੀਦਕੋਟ ਨੂੰ ਆ ਰਿਹਾ ਹੈ, ਜਿਸ 'ਤੇ ਸ:ਥ: ਤੇਜ ਸਿੰਘ 791/ਫਰੀਦਕੋਟ ਵੱਲੋ ਸਮੇਤ ਪੁਲਿਸ ਪਾਰਟੀ ਦੇ ਨੇੜੇ ਰੇਲਵੇ ਬ੍ਰਿਜ ਨਾਕਾਬੰਦੀ ਕੀਤੀ ਗਈ ਤਾਂ ਆਈ-20 ਕਾਰ ਨੰਬਰੀ ਡੀ.ਐਲ-7-ਸੀ ਐਲ-4540 ਆਈ ਜਿਸ ਨੂੰ ਵਰਦੀਧਾਰੀ ਮੁਲਾਜਮ ਚਲਾ ਰਿਹਾ ਸੀ, ਜਿਸ ਨੂੰ ਰੋਕ ਕੇ ਗੱਡੀ ਦੀ ਹਸਬ ਜਾਬਤਾ ਤਲਾਸ਼ੀ ਕੀਤੀ, ਜਿਸ ਵਿੱਚ 100 ਗਰਾਮ ਹੈਰੋਇਨ ਤੇ 50 ਗਰਾਮ ਅਫੀਮ ਬਰਾਮਦ ਹੋਈ। ਇਸ ਸਬੰਧੀ ਥਾਣਾ ਸਿਟੀ ਫਰੀਦਕੋਟ ਵਿਖੇ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ 21ਬੀ/18ਬੀ/61/85 ਤਹਿਤ ਮੁਕੱਦਮਾ ਨੰਬਰ 525 ਮਿਤੀ 09-12-25 ਦਰਜ ਕੀਤਾ ਗਿਆ ਹੈ। ਉਕਤ ਮੁਕੱਦਮੇ ਵਿੱਚ ਗ੍ਰਿਫਤਾਰ ਦੋਸ਼ੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਡ ਹਾਸਿਲ ਕੀਤਾ ਜਾ ਰਿਹਾ ਹੈ ਤਾਂ ਜੋ ਦੋਸ਼ੀ ਦੇ ਬੈਕਵਰਡ ਅਤੇ ਫਾਰਵਰਡ ਲਿੰਕਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਫਰੀਦਕੋਟ ਪੁਲਿਸ ਵੱਲੋਂ ਨਸ਼ਿਆਂ ਨੂੰ ਜੜ੍ਹ ਤੋ ਖਤਮ ਕਰਨ ਲਈ ਜ਼ੋਰਦਾਰ ਮੁਹਿੰਮ ਚਲਾਈ ਜਾ ਰਹੀ ਹੈ। ਨਸ਼ਾ ਤਸਕਰਾਂ ਦੀ ਗ੍ਰਿਫਤਾਰੀ ਤੋਂ ਇਲਾਵਾ ਉਨ੍ਹਾਂ ਦੇ ਪਿੱਛੇ ਮੌਜੂਦ ਨੈਟਵਰਕ ਦੀ ਵੀ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਨਸ਼ਿਆਂ ਦੀ ਤਸਕਰੀ ਸਬੰਧੀ ਜਾਣਕਾਰੀ ਮਿਲਣ 'ਤੇ ਫਰੀਦਕੋਟ ਪੁਲਿਸ ਨੂੰ ਸੂਚਨਾ ਦੇਣ, ਤਾਂ ਜੋ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ।

# ਅਦਾਲਤ ਵੱਲੋਂ ਨਸ਼ੀਲੇ ਪਾਊਡਰ ਦੇ ਮਾਮਲੇ ਵਿੱਚੋਂ ਵਿਅਕਤੀ ਬਰੀ

**ਕੋਟਕਪੂਰਾ, 10 ਦਸੰਬਰ (ਟਿੰਕੂ ਕੁਮਾਰ)** :- ਨਸ਼ੀਲੇ ਪਾਊਡਰ ਦੇ ਦੋਸ਼ ਵਿੱਚ ਐਡੀਸ਼ਨਲ ਸੈਸ਼ਨ ਜੱਜ ਮੋਗਾ ਦੀ ਅਦਾਲਤ ਵੱਲੋਂ ਇਕ ਵਿਅਕਤੀ ਨੂੰ ਬਰੀ ਕਰਨ ਦਾ ਹੁਕਮ ਸੁਣਾਇਆ ਗਿਆ। ਵਿਚਾਰ ਅਧੀਨ ਪੱਖਕਾਰ ਹਰਕੀਰਤ ਸਿੰਘ ਵਾਸੀ ਸੇਖਾਂ ਵਾਲਾ ਚੌਂਕ, ਮੋਗਾ ਦੇ ਵਕੀਲ ਅਜੀਤ ਵਰਮਾ ਅਤੇ ਐਡੋਵਕੇਟ ਆਸ਼ੀਸ਼ ਗਰੋਵਰ ਨੇ ਦੱਸਿਆ ਕਿ ਹਰਕੀਰਤ ਸਿੰਘ ਅਤੇ ਬਿੱਟੂ ਕੁਮਾਰ 'ਤੇ ਪੁਲਿਸ ਥਾਣਾ ਸਿਟੀ ਸਾਊਥ ਮੋਗਾ ਵੱਲੋਂ ਮੁਕੱਦਮਾ ਨੰਬਰ 153/2019 ਜ਼ੇਰੇ ਅਧੀਨ ਐਨ.ਡੀ.ਪੀ.ਐਸ. ਐਕਟ ਦੀ ਧਾਰਾ 22/61/85 ਤਹਿਤ ਦਰਜ ਕੀਤਾ ਗਿਆ ਸੀ, ਜਿਸ ਵਿੱਚ ਦੋਸ਼ ਲਾਇਆ ਗਿਆ ਕਿ ਉਸ ਪਾਸ 120 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਹੋਇਆ ਸੀ। ਦੌਰਾਨੇ ਕੇਸ ਪੁਲਿਸ ਮੁਲਜਮ 'ਤੇ ਲਾਏ ਦੋਸ਼ ਅਦਾਲਤ ਵਿੱਚ ਸਾਬਤ ਨਹੀਂ ਕਰ ਸਕੇ ਅਤੇ ਹਰਕੀਰਤ ਸਿੰਘ ਨੂੰ ਬਰੀ ਕਰਨ ਦਾ ਹੁਕਮ ਸੁਣਾਇਆ।

# ਸੀਵਰੇਜ਼ ਦੇ ਕੰਮ ਵਿੱਚ ਕਿਸੇ ਕਿਸਮ ਦੀ ਕੋਈ ਢਿੱਲ ਬਰਦਾਸ਼ਤ ਨਹੀਂ : ਵਿਧਾਇਕ ਕਾਕਾ ਬਰਾੜ

## ਵਿਧਾਇਕ ਕਾਕਾ ਬਰਾੜ ਨੇ ਸ਼ੁਰੂ ਕਰਵਾਇਆ ਗੁਰਦਿੱਤ ਬਸਤੀ ਵਿਖੇ ਸੀਵਰੇਜ਼ ਪਾਉਣ ਦਾ ਕੰਮ



**ਸ੍ਰੀ ਮੁਕਤਸਰ ਸਾਹਿਬ, 10 ਦਸੰਬਰ (ਲੱਕੀ ਚੜੇਵਾਨ)** ਪਿਛਲੇ ਲੰਬੇ ਸਮੇਂ ਤੋਂ ਸੰਤਾਪ ਹੰਢਾ ਰਹੇ ਗੋਨਿਆਣਾ ਰੋਡ ਸਥਿਤ ਗੁਰਦਿੱਤ ਬਸਤੀ ਦੇ ਲੋਕਾਂ ਨੂੰ ਅੱਜ ਉਸ ਵੇਲੇ ਰਾਹਤ ਮਿਲੀ ਜਦੋਂ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਮੁਹੱਲੇ ਵਿੱਚ ਨਵੇਂ ਸੀਵਰੇਜ਼ ਪਾਉਣ ਦਾ ਕੰਮ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਮੁਹੱਲਾ ਨਿਵਾਸੀਆਂ ਵਿੱਚ ਭਾਰੀ ਖੁਸ਼ੀ ਦਾ ਮਾਹੌਲ ਪਾਇਆ ਗਿਆ ਅਤੇ ਲੱਡੂ ਵੰਡਕੇ ਵਿਧਾਇਕ ਕਾਕਾ ਬਰਾੜ ਦਾ ਦਿਲੋਂ ਧੰਨਵਾਦ ਕੀਤਾ।

ਇਸ ਮੌਕੇ ਮੁਹੱਲਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਕਿਹਾ ਕਿ ਗੁਰਦਿੱਤ ਬਸਤੀ ਦੇ ਲੋਕ ਪਿਛਲੇ ਲੰਮੇ ਸਮੇਂ ਤੋਂ ਸੀਵਰੇਜ ਦੀ ਸਮੱਸਿਆ ਨਾਲ ਜੂਝ ਰਹੇ ਸਨ ਅਤੇ ਉਨ੍ਹਾਂ ਦੀ ਮੰਗ ਸੀ ਕਿ ਇੱਥੇ ਨਵਾਂ ਸੀਵਰੇਜ ਪਾਇਆ ਜਾਵੇ। ਉਨ੍ਹਾਂ ਕਿਹਾ ਕਿ ਹੁਣ ਉਨ੍ਹਾਂ ਦੀ ਸਰਕਾਰ ਨੇ ਇਸ ਮੰਗ ਨੂੰ ਪੂਰਾ ਕਰ ਦਿੱਤਾ ਹੈ ਅਤੇ ਜਲਦੀ ਹੀ ਇੱਥੇ ਨਵਾਂ ਸੀਵਰੇਜ ਪਾ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਵਚਨਬੱਧ ਹੈ ਅਤੇ ਉਹ ਹਮੇਸ਼ਾ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹਿਣਗੇ। ਕਾਕਾ ਬਰਾੜ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੀਵਰੇਜ ਦੇ ਕੰਮ ਨੂੰ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਵੇ ਅਤੇ ਕੰਮ ਵਿੱਚ ਕਿਸੇ ਕਿਸਮ ਦੀ ਕੋਈ ਢਿੱਲ ਨਾ ਵਰਤੀ ਜਾਵੇ। ਉਨ੍ਹਾਂ ਕਿਹਾ ਕਿ ਸੀਵਰੇਜ ਦੇ ਕੰਮ ਵਿੱਚ ਵਰਤੀ ਜਾਣ ਵਾਲੀ ਸਮੱਗਰੀ ਵਧੀਆ ਕੁਆਲਿਟੀ ਦੀ ਹੋਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਲੋਕਾਂ ਨੂੰ ਬਿਹਤਰ ਸਹੂਲਤਾਂ ਦੇਣ ਲਈ ਵਚਨਬੱਧ ਹੈ ਅਤੇ ਉਹ ਇਸ ਲਈ ਹਰ ਸੰਭਵ ਯਤਨ ਕਰਨਗੇ।ਇਸ ਮੌਕੇ ਕੌਂਸਲਰ ਹਰਦੀਪ ਸਿੰਘ ਕਾਲਾ ਤੇ ਸਮੂਹ ਮੁਹੱਲਾ ਵਾਸੀਆਂ ਨੇ ਵਿਧਾਇਕ ਕਾਕਾ ਬਰਾੜ ਦਾ ਧੰਨਵਾਦ ਕਰਦਿਆਂ ਆਖਿਆ ਕਿ ਅੱਜ ਉਨ੍ਹਾਂ ਲਈ ਵਧੀਆ ਦਿਨ ਚੜ੍ਹਿਆ ਹੈ ਕਿਉਂਕਿ ਅੱਜ ਉਨ੍ਹਾਂ ਨੂੰ ਅਜਿਹੀ ਸਮੱਸਿਆ ਤੋਂ ਮੁਕਤੀ ਮਿਲਣ ਜਾ ਰਹੀ ਹੈ ਜਿਸ ਨਾਲ ਉਹ ਸਤਾਏ ਪਏ ਸਨ। ਉਨ੍ਹਾਂ ਕਿਹਾ ਕਿ ਅਨੇਕਾ ਸਰਕਾਰਾਂ ਆਈਆਂ ਪਰ ਸਾਡੀ ਸਮੱਸਿਆ ਕਿਸੇ ਨੇ ਨਾ ਸੁਣੀ ਹੁਣ ਵਾਲੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਹ ਕੰਮ ਸਿਰੇ ਲਾਇਆ।ਉਨ੍ਹਾਂ ਕਿਹਾ ਕਿ ਉਹ ਵਿਧਾਇਕ ਕਾਕਾ ਬਰਾੜ ਦੇ ਹਮੇਸ਼ਾ ਰਿਣੀ ਰਹਿਣਗੇ। ਇਸ ਮੌਕੇ ਸਰਪੰਚ ਤਰਸੇਮ ਸਿੰਘ, ਉਪਕਾਰ ਸਿੰਘ, ਗੁਰਮੀਤ ਸਿੰਘ, ਕਾਲਾ ਗੋਨਿਆਣਾ, ਬਲਵਿੰਦਰ ਗਰੋਵਰ, ਰਮਨ ਸਿੰਘ, ਜਗਦੀਪ ਢਿੱਲੋਂ, ਜੈ ਚੰਦ ਭੰਡਾਰੀ, ਜਤਿੰਦਰ ਮਹੰਤ, ਵਿਭਾਗ ਦੇ ਐਕਸੀਅਨ ਕੇਵਲ ਗਰਗ, ਐਸਡੀਓ ਅਨਿਲ ਕੁਮਾਰ, ਜੇਈ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ।

# ਫਰੀਦਕੋਟ ਪੁਲਿਸ ਦੀ ਸਟਰੀਟ ਕ੍ਰਾਈਮ ਖਿਲਾਫ ਚੁਸਤ ਕਾਰਵਾਈ, ਮੈਡੀਕਲ ਹਸਪਤਾਲ ਫਰੀਦਕੋਟ ਦੇ ਨੇੜੇ ਵਾਹਨ ਚੋਰੀ ਕਰਨ ਵਾਲਾ ਚੋਰ 4 ਮੋਟਰਸਾਈਕਲਾਂ ਸਮੇਤ ਕਾਬੂ



**ਕੋਟਕਪੂਰਾ, 10 ਦਸੰਬਰ (ਟਿੰਕੂ ਕੁਮਾਰ)** :- ਡਾ. ਪ੍ਰਗਿਆ ਜੈਨ ਐਸ.ਐਸ.ਪੀ. ਫਰੀਦਕੋਟ ਦੀ ਅਗਵਾਈ ਹੇਠ, ਫਰੀਦਕੋਟ ਪੁਲਿਸ ਮਾੜੇ ਅਨਸਰਾਂ ਖ਼ਿਲਾਫ਼ ਲਗਾਤਾਰ ਵਿਸ਼ੇਸ਼ ਮੁਹਿੰਮ ਚਲਾ ਰਹੀ ਹੈ। ਇਸੇ ਮੁਹਿੰਮ ਨੂੰ ਅੱਗੇ ਵਧਾਉਂਦਿਆਂ ਐਸ.ਪੀ (ਇਨਵੈਸਟੀਗੇਸ਼ਨ) ਜੋਗੇਸ਼ਵਰ ਸਿੰਘ ਐਸ.ਪੀ. (ਇਨਵੈਸਟੀਗੇਸ਼ਨ) ਫਰੀਦਕੋਟ ਦੀ ਰਹਿਨੁਮਾਈ ਅਤੇ ਡੀ.ਐਸ.ਪੀ. (ਫਰੀਦਕੋਟ) ਤਰਲੋਚਨ ਸਿੰਘ ਦੇ ਦਿਸ਼ਾ-ਨਿਰਦੇਸ਼ ਹੇਠ, ਥਾਣਾ ਸਿਟੀ ਫਰੀਦਕੋਟ ਦੀ ਟੀਮ ਨੇ ਮਹੱਤਵਪੂਰਨ ਸਫਲਤਾ ਹਾਸਲ ਕਰਦੇ ਹੋਏ ਮੈਡੀਕਲ ਹਸਪਤਾਲ ਫਰੀਦਕੋਟ ਦੇ ਆਸ-ਪਾਸ ਦੇ ਇਲਾਕਿਆਂ ਵਿੱਚ ਵਹੀਕਲ ਚੋਰੀ ਕਰਨ ਵਾਲੇ ਦੋਸ਼ੀ ਨੂੰ ਰੇਡ ਕਰਕੇ ਚੋਰੀ ਦੇ 4 ਮੋਟਰਸਾਈਕਲਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ। ਗ੍ਰਿਫ਼ਤਾਰ ਦੋਸ਼ੀ ਦੀ ਪਹਿਚਾਣ ਲਵਪ੍ਰੀਤ ਸਿੰਘ ਉਰਫ ਲਵਲੀ ਵਜੋ ਹੋਈ ਹੈ, ਜੋ ਕਿ ਪਿੰਡ ਢੁੱਡੀ ਦਾ ਰਿਹਾਇਸ਼ੀ ਹੈ। ਪੁਲਿਸ ਪਾਰਟੀ ਵੱਲੋ ਦੋਸ਼ੀ ਨੂੰ ਗ੍ਰਿਫਤਾਰ 4 ਮੋਟਰਸਾਈਕਲਾਂ ਸਮੇਤ ਕਾਬੂ ਕੀਤਾ ਗਿਆ। ਮਿਤੀ 09 ਦਸੰਬਰ 2025 ਨੂੰ ਸ:ਥ: ਅਕਲਪ੍ਰੀਤ ਸਿੰਘ ਸਮੇਤ ਪੁਲਿਸ ਪਾਰਟੀ ਦੇ ਬਰਾਏ ਕਰਨੇ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾ ਦੇ ਸਬੰਧ ਵਿੱਚ ਸਿਟੀ ਏਰੀਆ ਮੌਜੂਦ ਸੀ ਤਾ ਮੁੱਖਬਰ ਖਾਸ ਨੇ ਇਤਲਾਹ ਦਿੱਤੀ ਕਿ ਦੋਸ਼ੀ ਲਵਪ੍ਰੀਤ ਸਿੰਘ ਉਕਤ ਜੋ ਮੈਡੀਕਲ ਕਾਲਜ ਵਿੱਚ ਦਾਖਲ ਮਰੀਜਾ ਦੇ ਮੋਟਰਸਾਈਕਲ ਹਸਪਤਾਲ ਵਿੱਚੋ ਚੋਰੀ ਕਰਕੇ ਅੱਗੇ ਸਸਤੇ ਭਾਅ ਵੇਚਦਾ ਹੈ, ਜੋ ਅੱਜ ਵੀ ਹਸਪਤਾਲ ਵਿੱਚ ਘੁੰਮ ਰਿਹਾ ਹੈ। ਇਸ ਸੂਚਨਾ ਦੇ ਅਧਾਰ 'ਤੇ ਰੇਡ ਕੀਤੀ ਗਈ ਅਤੇ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਚੋਰੀ ਦੇ 4 ਮੋਟਰਸਾਈਕਲਾਂ ਸਮੇਤ ਕਾਬੂ ਕੀਤਾ ਗਿਆ। ਇਸ ਸਬੰਧੀ ਥਾਣਾ ਸਿਟੀ ਫਰੀਦਕੋਟ ਵਿਖੇ ਬੀ.ਐਨ.ਐਸ. ਦੀਆਂ ਧਾਰਾਵਾਂ 305/317(2)ਤਹਿਤ ਮੁਕੱਦਮਾ ਨੰਬਰ 522 ਮਿਤੀ 09-12-25 ਦਰਜ ਕੀਤਾ ਗਿਆ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਦੋਸ਼ੀ ਲਵਪ੍ਰੀਤ ਸਿੰਘ ਉਰਫ ਲਵਲੀ ਪੁੱਤਰ ਰਾਧੋ ਪੁੱਤਰ ਜਸਵਿੰਦਰ ਸਿੰਘ ਵਾਸੀ ਢੁੱਡੀ ਦੀ ਕ੍ਰਿਮੀਨਲ ਰਿਕਾਰਡ ਦੀ ਜਾਚ ਕੀਤੀ ਗਈ ਤਾਂ ਇਹ ਸਾਹਮਣੇ ਆਇਆ ਕਿ ਦੋਸ਼ੀ ਉਪਰ ਪਹਿਲਾ ਵੀ ਆਰਮਜ ਐਕਟ ਅਤੇ ਨਸ਼ਾ ਤਸਕਰੀ ਦੀਆ ਵੱਖ ਵੱਖ ਧਾਰਾਵਾ ਤਹਿਤ ਸਦਰ ਕੋਟਕਪੂਰਾ ਵਿਖੇ ਮੁੱਕਦਮਾ ਨੰਬਰ 99 ਮਿਤੀ 26.09.2016 ਅ/ਧ 399/402/379/411/482 ਆਈ.ਪੀ.ਸੀ, 25/54/549 ਆਰਮਜ ਐਕਟ ਥਾਣਾ ਸਦਰ ਕੋਟਕਪੂਰਾ ਅਤੇ ਮੁੱਕਦਮਾ ਨੰਬਰ 80 ਮਿਤੀ 03.07.2018 ਅ/ਧ 22/61/85 ਐਨ.ਡੀ.ਪੀ.ਐਸ ਐਕਟ, ਥਾਣਾ ਸਦਰ ਫਰੀਦਕੋਟ ਤਹਿਤ ਦਰਜ ਰਜਿਸਟਰ ਹੋਣੇ ਪਾਏ ਗਏ ਹਨ। ਮੁਕੱਦਮੇ ਦੀ ਤਫਤੀਸ ਜਾਰੀ ਹੈ। ਦੋਸ਼ੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਡ ਹਾਸਿਲ ਕਰਕੇ ਹੋਰ ਵੀ ਪੁੱਛਗਿੱਛ ਕੀਤੀ ਜਾਵੇਗੀ। ਪੁਲਿਸ ਟੀਮ ਦੀ ਇਹ ਕਾਬਲਿਅਤ ਸਾਬਤ ਕਰਦੀ ਹੈ ਕਿ ਫਰੀਦਕੋਟ ਪੁਲਿਸ ਲੋਕਾਂ ਦੀ ਜਾਇਦਾਦ ਦੀ ਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਦੋਸ਼ੀ ਖਿਲਾਫ ਪਹਿਲਾਂ ਵੀ ਮੁਕੱਦਮਾ ਨੰਬਰ 99 ਮਿਤੀ 26.09.2016, ਅਧੀਨ 399/402/379/ 411/482 ਆਈਪੀਸੀ ਅਤੇ 25/54/59 ਆਰਮਜ਼ ਐਕਟ, ਥਾਣਾ ਸਦਰ ਕੋਟਕਪੂਰਾ ਅਤੇ ਮੁਕੱਦਮਾ ਨੰਬਰ 80 ਮਿਤੀ 03.07. 2018, ਅਧੀਨ 22/61/85 ਐਨਡੀਪੀਐਸ ਤਹਿਤ ਫਰੀਦਕੋਟ ਥਾਣਾ ਸਦਰ ਵਿਖੇ ਦੋ ਵੱਖ ਵੱਖ ਮੁਕੱਦਮੇ ਦਰਜ ਹਨ।

# ਜਿਲ੍ਹੇ ਦੇ ਸਾਰੇ ਸਿਵਲ ਹਸਪਤਾਲਾਂ ਵਿਚ ਓ.ਪੀ.ਡੀ. ਪਰਚੀ ਕਟਵਾਉਣ ਲਈ ਲੰਮੀਆਂ ਲਾਇਨਾਂ ਤੋਂ ਬਚਣ ਲਈ ਆਪਣੀ ਆਭਾ ਆਈ.ਡੀ. ਬਣਵਾਉ: ਡਾ ਰਾਜ ਕੁਮਾਰ



**ਸ੍ਰੀ ਮੁਕਤਸਰ ਸਾਹਿਬ, 10 ਦਸੰਬਰ (ਲੱਕੀ ਚੜੇਵਾਨ)** ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸਾਰੇ ਸਿਵਲ ਹਸਪਤਾਲਾਂ ਸ੍ਰੀ ਮੁਕਤਸਰ ਸਾਹਿਬ,ਮਲੋਟ, ਗਿੱਦੜਬਾਹਾ ਅਤੇ ਬਾਦਲ ਵਿਖੇ ਆਯੁਸ਼ਮਾਨ ਭਾਰਤ ਡਿਜ਼ਿਟਲ ਮਿਸ਼ਨ ਦੇ ਤਹਿਤ ਕਿਊਸਕ ਸਥਾਪਿਤ ਕਰ ਦਿੱਤੇ ਗਏ ਹਨ ।ਇਸ ਸਬੰਧੀ ਜਾਣਕਾਰੀ ਦਿੰਦਿਆ ਡਾ ਰਾਜ ਕੁਮਾਰ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਸਰਕਾਰੀ ਹਸਪਤਾਲਾਂ ਵਿਚ ਓ ਪੀ ਡੀ ਪਰਚੀਆਂ ਕਟਵਾਉਣ ਲਈ ਲੰਮੀਆਂ ਲਾਈਨਾਂ ਤੋਂ ਬਚਣ ਲਈ ਲੋਕਾਂ ਨੂੰ ਤੁਰੰਤ ਆਪਣੀ ਅਤੇ ਆਪਣੇ ਪਰਿਵਾਰ ਦੀ ਆਭਾ ਆਈ.ਡੀ. ਬਣਾਉਣੀ ਚਾਹੀਦੀ ਹੈ। ਉਨ੍ਹਾਂ ਨੇ ਦੱਸਿਆ ਕਿ ਆਪਣੀ ਆਭਾ ਆਈ.ਡੀ. ਬਣਾਉਣ ਨਾਲ ਮਰੀਜ਼ ਨੂੰ ਭਵਿੱਖ ਵਿਚ ਇੱਕ ਹਸਪਤਾਲ ਤੋਂ ਦੂਸਰੇ ਹਸਪਤਾਲ ਵਿਚ ਇਲਾਜ ਕਰਵਾਉਣ ਸਮੇਂ ਕਿਸੇ ਤਰ੍ਹਾਂ ਦੇ ਕਾਗਜ਼ਾਤ ਜਿਵੇਂ ਮੈਡੀਕਲ ਰਿਪੋਰਟਾਂ, ਐਕਸਰੇ ਆਦਿ ਕੋਈ ਵੀ ਦਸਤਾਵੇਜ਼ ਨਾਲ ਚੁੱਕਣ ਦੀ ਜ਼ਰੂਰਤ ਨਹੀਂ ਰਹੇਗੀ।ਉਨ੍ਹਾਂ ਕਿਹਾ ਕਿ ਅਚਾਨਕ ਸਿਹਤ ਸਮੱਸਿਆ ਆਉਣ ਸਮੇਂ ਪਹਿਲਾਂ ਹੋਏ ਇਲਾਜ ਸਬੰਧੀ ਕਾਗਜ਼ਾਤ, ਰਿਪੋਰਟਾਂ ਆਦਿ ਦਿਖਾਉਣੀਆਂ ਪੈਂਦੀਆਂ ਹਨ। ਕਈ ਵਾਰ ਅਜਿਹੀਆਂ ਰਿਪੋਰਟਾਂ ਉਪਲਬਧ ਨਾ ਹੋਣ ਕਾਰਨ ਮਰੀਜ਼ ਦੇ ਇਲਾਜ ਵਿਚ ਦੇਰੀ ਹੁੰਦੀ ਸੀ। ਇਸ ਦੇਰੀ ਨੂੰ ਖ਼ਤਮ ਕਰਨ ਅਤੇ ਰਿਪੋਰਟਾਂ ਆਦਿ ਦੀ ਅੜਚਣ ਨੂੰ ਖ਼ਤਮ ਕਰਨ ਦੇ ਮਨੋਰਥ ਨਾਲ ਇਹ ਆਭਾ ਆਈ ਡੀ ਬਣਾਈ ਜਾ ਰਹੀ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਭਵਿੱਖ ਵਿਚ ਬਿਹਤਰੀਨ ਸਿਹਤ ਸਹੂਲਤਾਂ ਲੈਣ ਅਤੇ ਇਲਾਜ ਸਮੇਂ ਰਿਪੋਰਟਾਂ ਦਾ ਬੋਝ ਚੁੱਕਣ ਤੋਂ ਮੁਕਤ ਹੋਣ ਦੇ ਮਨੋਰਥ ਨਾਲ ਤੁਰੰਤ ਆਭਾ ਆਈ ਡੀ ਜ਼ਰੂਰ ਬਣਾਓ, ਜੋ ਸਾਰੇ ਹਸਪਤਾਲਾਂ ਅਤੇ ਸਿਹਤ ਕੇਂਦਰਾਂ ਬਿਲਕੁਲ ਮੁਫ਼ਤ ਬਣਾਈ ਜਾ ਰਹੀ ਹੈ ਅਤੇ ਕੋਈ ਵੀ ਵਿਅਕਤੀ ਆਨਲਾਈਨ ਸਹੂਲਤ ਰਾਹੀਂ ਆਪਣੀ ਆਭਾ ਆਈ ਡੀ ਖ਼ੁਦ ਬਣਾ ਸਕਦਾ ਹੈ, ਜਿਸ ਲਈ ਆਧਾਰ ਕਾਰਡ ਨੰਬਰ ਅਤੇ ਅਧਾਰ ਲਿੰਕ ਮੋਬਾਇਲ ਨੰਬਰ ਦੀ ਜ਼ਰੂਰਤ ਹੁੰਦੀ ਹੈ। ਇਸ ਮੌਕੇ 'ਤੇ ਡਾ ਰਾਜੀਵ ਸੱਚਦੇਵਾ ਐਸ.ਐਮ.ਓ. ਸ੍ਰੀ ਮੁਕਤਸਰ ਸਾਹਿਬ, ਡਾ ਰਛਮੀ ਚਾਵਲਾ ਐਸ.ਐਮ.ਓ. ਗਿੱਦੜਬਾਹਾ,ਡਾ ਰਜਿੰਦਰ ਕੁਮਾਰ ਐਸ.ਐਮ.ਓ. ਮਲੋਟ, ਸਟੇਟ ਪੱਧਰ ਤੋਂ ਐੱਸ.ਏ ਅਕਸ਼ੈ ਕੁਮਾਰ, ਆਈ.ਈ.ਸੀ ਇੰਚਾਰਜ ਮਨਿੰਦਰ ਸਿੰਘ, ਡਾ ਹਰਕੀਰਤਨ ਸਿੰਘ ਐਪੀਡੀਮੋਲੋਜਿਸਟ, ਡਾ ਮਨਪ੍ਰੀਤ ਕੌਰ , ਸੁਰਿੰਦਰ ਪਾਲ ਸਿੰਘ ਡੀ.ਐਮ.ਆਈ.ਓ. ਹਾਜ਼ਰ ਸਨ।

# ਡੇਢ ਕਰੋੜ ਰੁਪਏ ਦੀ ਲਾਟਰੀ ਜਿੱਤਣ ਮਗਰੋਂ ਮਜ਼ਦੂਰ ਪਰਿਵਾਰ ਗਾਇਬ



**ਕੋਟਕਪੂਰਾ, 10 ਦਸੰਬਰ (ਟਿੰਕੂ ਕੁਮਾਰ)** ਫਰੀਦਕੋਟ ਜ਼ਿਲ੍ਹੇ ਦੇ ਪਿੰਡ ਸੈਦੇਕੇ ਵਿੱਚ ਇੱਕ ਗਰੀਬ ਖੇਤ ਮਜ਼ਦੂਰ ਪਰਿਵਾਰ ਦੀ ਕਿਸਮਤ ਅਚਾਨਕ ਚਮਕ ਗਈ ਹੈ। ਦਿਹਾੜੀਦਾਰ ਮਜ਼ਦੂਰ ਨਸੀਬ ਕੌਰ ਨੇ ਪੰਜਾਬ ਸਟੇਟ ਲਾਟਰੀ ਦਾ 1.5 ਕਰੋੜ ਰੁਪਏ ਦਾ ਪਹਿਲਾ ਇਨਾਮ ਜਿੱਤ ਲਿਆ ਹੈ। ਇਹ ਟਿਕਟ (200 ਰੁਪਏ ਵਾਲੀ) ਉਨ੍ਹਾਂ ਦੇ ਪਤੀ ਰਾਮ ਸਿੰਘ ਨੇ ਨਸੀਬ ਕੌਰ ਦੇ ਨਾਮ 'ਤੇ ਖਰੀਦੀ ਸੀ। ਹਾਲਾਂਕਿ ਇਸ ਵੱਡੀ ਜਿੱਤ ਦਾ ਜਸ਼ਨ ਮਨਾਉਣ ਦੀ ਬਜਾਏ, ਪਰਿਵਾਰ ਫਿਰੌਤੀ ਦੀਆਂ ਧਮਕੀਆਂ ਦੇ ਡਰੋਂ ਕਿੱਧਰੇ ਜਾ ਕੇ ਲੁਕ ਗਿਆ ਹੈ, ਡਰ ਕਾਰਨ ਉਨ੍ਹਾਂ ਨੇ ਆਪਣਾ ਘਰ ਬੰਦ ਕਰ ਦਿੱਤਾ ਹੈ ਅਤੇ ਅਣਦੱਸੀ ਥਾਂ 'ਤੇ ਚਲੇ ਗਏ ਹਨ, ਇੱਥੋਂ ਤੱਕ ਕਿ ਉਨ੍ਹਾਂ ਦੇ ਫੋਨ ਵੀ ਬੰਦ ਆ ਰਹੇ ਹਨ। ਲਾਟਰੀ ਵੇਚਣ ਵਾਲੇ ਰਾਜੂ ਨੇ ਜਦੋਂ ਜੇਤੂ ਟਿਕਟ ਬਾਰੇ ਦੱਸਣ ਲਈ ਰਾਮ ਸਿੰਘ ਨੂੰ ਕਈ ਵਾਰ ਫੋਨ ਕੀਤਾ, ਤਾਂ ਪਹਿਲਾਂ ਉਨ੍ਹਾਂ ਨੇ ਫੋਨ ਨਹੀਂ ਚੁੱਕਿਆ। ਬਾਅਦ ਵਿੱਚ ਜਦੋਂ ਪਰਿਵਾਰ ਮਿਲਿਆ ਤਾਂ ਰਾਜੂ ਉਨ੍ਹਾਂ ਨੂੰ ਜੇਤੂ ਟਿਕਟ ਜਮਾਂ ਕਰਾਉਣ ਲਈ ਚੰਡੀਗੜ੍ਹ ਸਥਿੱਤ ਲਾਟਰੀ ਦਫ਼ਤਰ ਤੱਕ ਲੈ ਕੇ ਗਿਆ। ਪਰਿਵਾਰ ਦੇ ਡਰ ਨੂੰ ਘੱਟ ਕਰਨ ਲਈ ਫਰੀਦਕੋਟ ਦੇ ਐੱਸ.ਐੱਚ.ਓ. ਦੀ ਅਗਵਾਈ ਵਿੱਚ ਇੱਕ ਪੁਲੀਸ ਟੀਮ ਨੇ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀ ਪੂਰੀ ਸੁਰੱਖਿਆ ਦਾ ਭਰੋਸਾ ਦਿੱਤਾ। ਤਰਲੋਚਨ ਸਿੰਘ ਡੀ.ਐੱਸ.ਪੀ. ਫਰੀਦਕੋਟ ਨੇ ਦੱਸਿਆ ਕਿ ਉਨ੍ਹਾਂ ਨੇ ਪਰਿਵਾਰ ਨੂੰ ਭਰੋਸਾ ਦਿੱਤਾ ਹੈ ਕਿ ਡਰਨ ਦੀ ਕੋਈ ਲੋੜ ਨਹੀਂ ਹੈ ਅਤੇ ਕਿਸੇ ਵੀ ਸ਼ੱਕੀ ਕਾਲ ਦੀ ਸੂਚਨਾ ਤੁਰਤ ਪੁਲੀਸ ਨੂੰ ਦਿੱਤੀ ਜਾਵੇ।

# ਬਿਜਲੀ ਬਿੱਲ 2025, ਸੀਡ ਬਿੱਲ, ਨਵੇਂ ਕਿਰਤ ਕਨੂੰਨ ਅਤੇ ਸਰਕਾਰੀ ਜਾਇਦਾਦਾਂ ਵੇਚਣ ਨੂੰ ਰੱਦ ਕਰਵਾਉਣ ਲਈ ਕੇਂਦਰ ਅਤੇ ਪੰਜਾਬ ਸਰਕਾਰ ਦੀ ਸਾੜੀ ਅਰਥੀ



**ਸ੍ਰੀ ਮੁਕਤਸਰ ਸਾਹਿਬ, 10 ਦਸੰਬਰ (ਮਾਲਵਾ ਬਾਣੀ)** ਪੈਨਸ਼ਨਰਜ਼ ਐਸੋਸੀਏਸ਼ਨ ਪਾਵਰ ਕਾਮ ਅਤੇ ਟਰਾਸਮਿਸ਼ਨ ਮੰਡਲ ਸ੍ਰੀ ਮੁਕਤਸਰ ਸਾਹਿਬ ਦੀ ਮੀਟਿੰਗ ਜੋਗਿੰਦਰ ਸਿੰਘ ਮੱਲਣ ਦੀ ਅਗਵਾਈ ਵਿੱਚ ਪੈਨਸ਼ਨ ਦਫਤਰ ਵਿਖੇ ਹੋਈ। ਮੀਟਿੰਗ ਉਪਰੰਤ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀ ਅਰਥੀ ਸਾੜੀ ਗਈ। ਮੀਟਿੰਗ ਵਿੱਚ ਪੈਨਸ਼ਨਰ ਵੀਰਾਂ ਅਤੇ ਫੈਮਲੀ ਪੈਨਸ਼ਨਰ ਭੈਣਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜੋਗਿੰਦਰ ਸਿੰਘ ਮੱਲਣ ਨੇ ਕਿਹਾ ਕਿ ਕੇਂਦਰ ਸਰਕਾਰ ਜਦੋਂ ਵੀ ਸੱਤਾ ਵਿੱਚ ਆਈ ਹੈ ਲੋਕ ਵਿਰੋਧੀ, ਮੁਲਾਜਮ ਵਿਰੋਧੀ, ਪੈਨਸ਼ਨਰ ਵਿਰੋਧੀ, ਮਜਦੂਰ ਵਿਰੋਧੀ ਅਤੇ ਹਰ ਵਰਗ ਵਿਰੋਧੀ ਕਨੂੰਨ ਲਿਆਦੇ ਜਾ ਰਹੇ ਹਨ। ਕੇਂਦਰ ਸਰਕਾਰ ਨੇ ਬਿਜਲੀ ਸੁਧਾਰ ਦੇ ਨਾ ਤੇ ਬਿਜਲੀ ਸੋਧ ਬਿੱਲ 2025ਪਾਸ ਕਰਵਾਉਣ ਲਈ ਤੇ ਕਾਰਪੋਰੇਟ ਘਰਾਣਿਆ ਨੂੰ ਲਾਭ ਦੇਣ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਦੋਂ ਕਿ ਬਿਜਲੀ ਐਕਟ 2003 ਦੇ 22 ਸਾਲ ਤੇ ਅਣਗਿਣਤ ਸੁਧਾਰਾਂ ਤੋ ਬਾਅਦ ਵਿਤੀ ਘਾਟਾ ਕਈ ਲੱਖ ਕਰੋੜ ਰੁਪਏ ਵੱਧ ਗਿਆ ਹੈ। ਇਹ ਬਿੱਲ ਲੋਕ ਵਿਰੋਧੀ, ਮੁਲਾਜਮ ਵਿਰੋਧੀ, ਪੈਨਸ਼ਨਰ ਵਿਰੋਧੀ ਮਜਦੂਰ ਵਿਰੋਧੀ ਹੈ ਇਸ ਬਿੱਲ ਦੇ ਲਾਗੂ ਹੋਣ ਨਾਲ ਬਿਜਲੀ ਮਹਿੰਗੀ ਹੋ ਜਾਵੇਗੀ। ਪੂਰਨ ਤੋਰ ਤੇ ਬਿਜਲੀ ਵਿਭਾਗ ਪ੍ਰਾਈਵੇਟ ਹੋ ਜਾਵੇਗਾ। ਬੁਲਾਰਿਆ ਨੇ ਕਿਹਾ ਕਿ ਪੰਜਾਬ ਸਰਕਾਰ ਵੀ ਬਿਜਲੀ ਬੋਰਡ ਦੀ ਜਾਇਦਾਦ ਵੇਚ ਕੇ ਨਿਜੀਕਰਨ ਕਰਨ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਸਿਵ ਦੀਪ ਸਿੰਘ ਬਰਾੜ, ਅਮਰਜੀਤ ਪਾਲ ਸਰਮਾ, ਜਸਵਿੰਦਰ ਸਿੰਘ ਅਤੇ ਬੂਟਾ ਸਿੰਘ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਨੇ ਇਹ ਸਾਰੇ ਬਿੱਲ ਰੱਦ ਨਾ ਕੀਤੇ ਮੰਗਾਂ ਦਾ ਹੱਲ ਨਾ ਕੀਤਾ ਤਾਂ 15 ਜਾਂ ਜਨਵਰੀ ਤੋਂ 15 ਫਰਵਰੀ ਤੱਕ ਸਰਕਲ ਕਨਵੈਂਸ਼ਨਾਂ ਕਰਨ ਉਪਰੰਤ ਫਰਵਰੀ ਦੇ ਅੰਤ ਵਿੱਚ ਬਿਜਲੀ ਮੰਤਰੀ ਦੀ ਰਿਹਾਇਸ ਲੁਧਿਆਣਾ ਵਿਖੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਤੋ ਇਲਾਵਾ ਮੀਟਿੰਗ ਵਿੱਚ 17 ਦਸੰਬਰ ਨੂੰ ਪੈਨਸ਼ਨ ਦਿਵਸ ਮਨਾਉਣ ਦੀ ਤਿਆਰੀ ਕੀਤੀ ਗਈ। ਮੀਟਿੰਗ ਉਪਰੰਤ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀ ਅਰਥੀ ਮੰਡਲ ਦਫਤਰ ਦੇ ਗੇਟ ਤੇ ਸਾੜੀ ਗਈ।ਹੋਰ ਸੰਘਰਸ਼ ਨੂੰ ਤੇਜ ਕਰਨ ਲਈ ਹਰਦਰਸ਼ਨ ਨੈਬੀ ਨੇ ਇੰਕਲਾਬੀ ਗੀਤ ਮਛਾਲਾ ਬਾਲ ਕੇ ਰੱਖਣਾ ਜਿੰਨਾ ਚਿਰ ਰਾਤ ਬਾਕੀ ਗਾਇਆ ਇਸ ਮੌਕੇ ਜਰਨੈਲ ਸਿੰਘ, ਮੇਜਰ ਸਿੰਘ, ਜੰਗੀਰ ਸਿੰਘ, ਰਾਮ ਸਰਨ ਅਤੇ ਸਾਮਲ ਸਨ । ਅਖੀਰ ਵਿੱਚ ਮੰਡਲ ਪ੍ਰਧਾਨ ਜੋਗਿੰਦਰ ਸਿੰਘ ਮੱਲਣ ਨੇ ਮੀਟਿੰਗ ਅਤੇ ਅਰਥੀ ਸਾੜ ਮੁਜਹਾਰੇ ਵਿੱਚ ਆਏ ਹੋਏ ਵੀਰਾ ਅਤੇ ਭੈਣਾਂ ਦਾ ਧੰਨਵਾਦ ਕੀਤਾ।